23-JUNE-PAGE-1.qxd 6/22/2023 10:01 PM Page 1

ਸ਼ੁੱਕਰਵਾਰ, 23 ਜੂਨ, 2023
9 ਹਾੜ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 22

ਨਵਾਂ ਜ਼ਮਾਨਾ

DAILY NAWAN ZAMANA • FRIDAY, 23 JUNE, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਪੈਨਸ਼ਨ 'ਤੇ ਨਜ਼ਰਸਾਨੀ ਜਾਰੀ

ਨਵੀਂ ਦਿੱਲੀ : ਸਰਕਾਰੀ ਕਰਮਚਾਰੀਆਂ ਲਈ ਮੌਜੂਦਾ ਪੈਨਸ਼ਨ ਪ੍ਰਣਾਲੀ 'ਐੱਨ ਪੀ ਐੱਸ' ਦੀ ਸਮੀਖਿਆ ਕਰਨ ਲਈ ਕਾਇਮ ਕਮੇਟੀ ਇਸ ਸਮੇਂ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰ ਰਹੀ ਹੈ ਤੇ ਇਸ ਦੀ ਰਿਪੋਰਟ ਨੂੰ ਅੰਤਮ ਰੂਪ ਨਹੀਂ ਦਿੱਤਾ ਗਿਆ। ਵਿੱਤ ਮੰਤਰਾਲੇ ਨੇ ਕੌਮੀ ਪੈਨਸ਼ਨ ਪ੍ਰਣਾਲੀ (ਐੱਨ ਪੀ ਐੱਸ) ਦੇ ਮੌਜੂਦਾ ਢਾਂਚੇ 'ਚ ਜ਼ਰੂਰੀ ਤਬਦੀਲੀਆਂ ਦਾ ਸੁਝਾਅ ਦੇਣ ਲਈ ਵਿੱਤ ਸਕੱਤਰ ਟੀ ਵੀ ਸੋਮਨਾਥਨ ਦੀ ਪ੍ਰਧਾਨਗੀ 'ਚ ਅਪਰੈਲ 'ਚ ਕਮੇਟੀ ਕਾਇਮ ਕੀਤੀ ਸੀ। ਬੁੱਧਵਾਰ ਖਬਰ ਆਈ ਸੀ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਆਖਰੀ ਤਨਖਾਹ ਦੇ 45 ਫੀਸਦੀ ਤੱਕ ਪੈਨਸ਼ਨ ਦੇਣ ਦੀ ਤਿਆਰੀ ਵਿਚ ਹੈ।

ਭਲਵਾਨਾਂ ਦਾ ਕੇਸ ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟ੍ਰੇਟ ਹਵਾਲੇ

ਨਵੀਂ ਦਿੱਲੀ : ਚੀਫ ਮੈਟਰੋਪੋਲੀਟਨ ਮੈਜਿਸਟ੍ਰੇਟ ਮਹਿਮਾ ਰਾਏ ਸਿੰਘ ਨੇ ਛੇ ਮਹਿਲਾ ਭਲਵਾਨਾਂ ਵੱਲੋਂ ਭਾਜਪਾ ਸਾਂਸਦ ਅਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਵਿਰੁੱਧ ਦਰਜ ਕਰਾਏ ਗਏ ਜਿਨਸੀ ਸ਼ੋਸ਼ਣ ਦੇ ਮਾਮਲੇ ਨੂੰ ਵੀਰਵਾਰ ਉਸ ਅਦਾਲਤ ਦੇ ਹਵਾਲੇ ਕਰ ਦਿੱਤਾ, ਜੋ ਇੱਕ ਸੰਬੰਧਤ ਮਾਮਲਾ ਪਹਿਲਾਂ ਹੀ ਸੁਣ ਰਹੀ ਹੈ। ਉਨ੍ਹਾ ਜਿਨਸੀ ਸ਼ੋਸ਼ਣ ਨਾਲ ਸੰਬੰਧਤ ਕੇਸ ਅਤੇ ਦਿੱਲੀ ਪੁਲਸ ਦੀ ਚਾਰਜਸ਼ੀਟ ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਹਰਜੀਤ ਸਿੰਘ ਜਸਪਾਲ ਨੂੰ ਭੇਜ ਦਿੱਤੀ। ਇਹ ਅਦਾਲਤ ਕੇਸ ਦੀ ਸੁਣਵਾਈ 27 ਜੂਨ ਨੂੰ ਕਰੇਗੀ।

ਡਾਕਟਰ ਦੀ ਹੱਤਿਆ

ਕੁਰੂਕਸ਼ੇਤਰ : ਵੀਰਵਾਰ ਸਵੇਰੇ ਇੱਥੇ 52 ਸਾਲਾ ਵੈਟਰਨਰੀ ਡਾਕਟਰ ਰਾਜਨ ਚੌਧਰੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਦੋਂ ਕਿ ਉਸ ਦੀ 50 ਸਾਲਾ ਭੈਣ ਕੁਸੁਮ ਜ਼ਖਮੀ ਕਰ ਦਿੱਤੀ। ਗੋਲੀਆਂ ਡਾਕਟਰ ਦੇ ਜੀਜੇ ਨੇ ਚਲਾਈਆਂ। ਮੁਲਜ਼ਮ ਦੀ ਪਛਾਣ ਕੁਸੁਮ ਦੇ ਪਤੀ ਚੰਦੇਸ਼ਵਰ ਸੈਣੀ ਵਜੋਂ ਹੋਈ ਹੈ। ਗੋਲੀਬਾਰੀ ਦੇ ਪਿੱਛੇ ਕੁਸੁਮ ਅਤੇ ਚੰਦੇਸ਼ਵਰ ਵਿਚਾਲੇ ਝਗੜਾ ਹੋਣ ਦਾ ਸ਼ੱਕ ਹੈ। ਮੁਲਜ਼ਮ ਭੱਜਣ ਵਿੱਚ ਕਾਮਯਾਬ ਹੋ ਗਿਆ।

ਬੋਲੈਰੋ ਖੱਡ 'ਚ, 10 ਮੌਤਾਂ

ਪਿਥੌਰਾਗੜ੍ਹ : ਉੱਤਰਾਖੰਡ ਦੇ ਪਿਥੌਰਾਗੜ੍ਹ 'ਚ ਬੋਲੈਰੋ ਦੇ ਖੱਡ 'ਚ ਡਿੱਗਣ ਕਾਰਨ 10 ਵਿਅਕਤੀਆਂ ਦੀ ਮੌਤ ਹੋ ਗਈ, ਜਦੋਂ ਕਿ ਇਕ ਗੰਭੀਰ ਜ਼ਖਮੀ ਹੋ ਗਿਆ। ਘਟਨਾ ਮੁਨਸਿਆਰੀ ਬਲਾਕ ਦੇ ਹੋਕਰਾ 'ਚ ਵਾਪਰੀ। ਇਹ ਲੋਕ ਬਾਗੇਸ਼ਵਰ ਜ਼ਿਲ੍ਹੇ ਦੇ ਸਾਮਾ ਪਿੰਡ ਤੋਂ ਹੋਕਰਾ ਸਥਿਤ ਕੋਕਿਲਾ ਦੇਵੀ ਮੰਦਰ ਦੇ ਦਰਸ਼ਨਾਂ ਲਈ ਜਾ ਰਹੇ ਸਨ।

ਸ਼ਾਰਜਾਹ 'ਚ ਹਾਦਸਾ, 4 ਮੌਤਾਂ

ਦੁਬਈ : ਸ਼ਾਰਜਾਹ 'ਚ ਟਰੱਕ ਨਾਲ ਟਕਰਾਉਣ ਤੋਂ ਬਾਅਦ ਪਿਕਅੱਪ ਸਵਾਰ ਇੱਕ ਭਾਰਤੀ ਅਤੇ ਤਿੰਨ ਪਾਕਿਸਤਾਨੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਹਾਦਸਾ ਬੁੱਧਵਾਰ ਸਵੇਰੇ 5.45 ਵਜੇ ਦੇ ਕਰੀਬ ਹੋਇਆ। ਮਰਨ ਵਾਲਿਆਂ ਦੀ ਪਛਾਣ ਨਹੀਂ ਦੱਸੀ ਗਈ।

ਅਣਹੋਣੀ ਦਾ ਡਰ !

ਵਾਸ਼ਿੰਗਟਨ : ਅਟਲਾਂਟਿਕ ਮਹਾਸਾਗਰ 'ਚ ਅਪਰੈਲ 1912 'ਚ ਡੁੱਬੇ ਟਾਈਟੈਨਿਕ ਜਹਾਜ਼ ਦਾ ਮਲਬਾ ਦੇਖਣ ਜਾਣ ਵਾਲੀ ਟੂਰਿਸਟ ਪਣਡੁੱਬੀ ਨੂੰ ਲੱਭਣ ਲਈ 96 ਘੰਟਿਆਂ ਦੀ ਸਮਾਂ ਸੀਮਾ ਖਤਮ ਹੋਣ ਵਾਲੀ ਹੈ, ਕਿਉਂਕਿ ਇਸ 'ਚ ਸਾਹ ਲੈਣ ਲਈ ਆਕਸੀਜਨ 96 ਘੰਟਿਆਂ ਬਾਅਦ ਖਤਮ ਹੋ ਜਾਵੇਗੀ। 'ਟਾਈਟਨ' ਪਣਡੁੱਬੀ 'ਚ ਪੰਜ ਵਿਅਕਤੀ ਸਵਾਰ ਹਨ। ਜਦੋਂ ਇਹ ਐਤਵਾਰ ਸਵੇਰੇ ਛੇ ਵਜੇ ਆਪਣੀ ਯਾਤਰਾ 'ਤੇ ਰਵਾਨਾ ਹੋਈ ਤਾਂ ਇਸ ਵਿਚ ਸਿਰਫ 96 ਘੰਟਿਆਂ ਲਈ ਆਕਸੀਜਨ ਸੀ। ਇਸ ਦਾ ਮਤਲਬ ਹੈ ਕਿ ਪਣਡੁੱਬੀ ਦੀ ਖੋਜ ਅਤੇ ਬਚਾਅ ਕਾਰਜ ਲਈ ਕੁਝ ਘੰਟੇ ਹੀ ਬਚੇ ਹਨ।

ਡੈਟਾ ਲੀਕ ਕਰਨ ਵਾਲੇ ਦੋ ਫੜੇ

ਨਵੀਂ ਦਿੱਲੀ : ਕੋਵਿਡ-19 ਰੋਕੂ ਟੀਕਾਕਰਨ ਨਾਲ ਸੰਬੰਧਤ 'ਕੋਵਿਨ' ਪੋਰਟਲ 'ਤੇ ਉਪਲੱਬਧ ਜਾਣਕਾਰੀ ਨੂੰ ਕਥਿਤ ਤੌਰ 'ਤੇ ਲੀਕ ਕਰਨ ਦੇ ਮਾਮਲੇ ਵਿਚ ਬਿਹਾਰ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਕ ਨਾਬਾਲਗ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਵਿਅਕਤੀ 'ਤੇ ਡੈਟਾ ਲੀਕ ਕਰਨ ਲਈ ਮੈਸੇਜਿੰਗ ਐਪ 'ਟੈਲੀਗ੍ਰਾਮ' ਦੀ ਵਰਤੋਂ ਕਰਨ ਦਾ ਦੋਸ਼ ਹੈ। 'ਕੋਵਿਨ' ਪਲੇਟਫਾਰਮ 'ਤੇ ਰਜਿਸਟਰ ਕਰਨ ਵਾਲੇ ਕੁਝ ਨਾਗਰਿਕਾਂ ਦੀ ਜਾਣਕਾਰੀ ਲੀਕ ਹੋਣ ਦਾ ਦਾਅਵਾ ਕੀਤਾ ਗਿਆ ਸੀ ਅਤੇ ਵਿਰੋਧੀ ਪਾਰਟੀਆਂ ਨੇ ਸਰਕਾਰ ਤੋਂ ਇਸ ਨਾਲ ਨਜਿੱਠਣ ਲਈ ਕਦਮ ਚੁੱਕਣ ਦੀ ਮੰਗ ਕੀਤੀ ਸੀ।

ਵਿਕਾਸ ਦਰ ਵਧੇਗੀ : ਫਿਚ

ਨਵੀਂ ਦਿੱਲੀ : ਫਿਚ ਰੇਟਿੰਗਜ਼ ਨੇ ਮੌਜੂਦਾ ਵਿੱਤੀ ਸਾਲ 2023-24 ਲਈ ਭਾਰਤ ਦੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦੇ ਅਨੁਮਾਨ ਨੂੰ ਵਧਾ ਕੇ 6.3 ਫੀਸਦੀ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਫਿਚ ਨੇ ਭਾਰਤ ਦੀ ਵਿਕਾਸ ਦਰ ਛੇ ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਸੀ। ਰੇਟਿੰਗ ਏਜੰਸੀ ਫਿਚ ਨੇ ਜਨਵਰੀ-ਮਾਰਚ ਤਿਮਾਹੀ 'ਚ ਬਿਹਤਰ ਵਿਕਾਸ ਦਰ ਦੇ ਆਧਾਰ 'ਤੇ ਚਾਲੂ ਵਿੱਤੀ ਸਾਲ ਲਈ ਭਾਰਤ ਦੀ ਜੀ ਡੀ ਪੀ ਵਿਕਾਸ ਦਰ ਦਾ ਅਨੁਮਾਨ ਵਧਾਇਆ ਹੈ।

ਪਟਨਾ ਪੁੱਜੀ ਮਮਤਾ ਬੈਨਰਜੀ ਲਾਲੂ ਪ੍ਰਸਾਦ ਦੇ ਪੈਰੀਂ ਹੱਥ ਲਗਾਉਂਦੀ ਹੋਈ।

ਮਜ਼ਬੂਤ ਆਪੋਜ਼ੀਸ਼ਨ ਮੋਰਚੇ ਦੀ ਬਣਤਰ 'ਤੇ ਚਰਚਾ ਅੱਜ

ਪਟਨਾ : ਦੇਸ਼ ਦੀਆਂ ਪ੍ਰਮੁੱਖ ਵਿਰੋਧੀ ਪਾਰਟੀਆਂ ਦੇ ਨੇਤਾ ਲੋਕ ਸਭਾ ਚੋਣਾਂ ਵਿਚ ਕੇਂਦਰ ਵਿੱਚੋਂ ਭਾਜਪਾ ਨੂੰ ਲਾਂਭੇ ਕਰਨ ਅਤੇ ਸਰਕਾਰ ਵਿਰੁੱਧ ਮਜ਼ਬੂਤ ਵਿਰੋਧੀ ਧਿਰ ਬਣਾਉਣ ਦੇ ਉਦੇਸ਼ ਨਾਲ ਸ਼ੁੱਕਰਵਾਰ ਨੂੰ ਇੱਥੇ ਵਿਚਾਰ-ਵਟਾਂਦਰਾ ਕਰਨਗੇ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਖਿਲਾਫ ਮਜ਼ਬੂਤ ਵਿਰੋਧੀ ਮੋਰਚਾ ਬਣਾਉਣ ਲਈ ਰਣਨੀਤੀ ਤਿਆਰ ਕਰਨਗੇ। ਸੂਤਰਾਂ ਮੁਤਾਬਕ ਵਿਰੋਧੀ ਮੋਰਚੇ ਦੀ ਅਗਵਾਈ ਵਰਗੇ ਸੁਆਲ ਨੂੰ ਪਾਸੇ ਰੱਖ ਕੇ ਗੱਲਬਾਤ ਦਾ ਮੁੱਖ ਕੇਂਦਰ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨਾ ਹੋਵੇਗਾ। ਬੈਠਕ 'ਚ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ, ਪਾਰਟੀ ਨੇਤਾ ਰਾਹੁਲ ਗਾਂਧੀ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ, ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਪ੍ਰਧਾਨ ਸ਼ਰਦ ਪਵਾਰ ਸ਼ਾਮਲ ਹੋ ਰਹੇ ਹਨ। ਬੈਠਕ ਦੀ ਮੇਜ਼ਬਾਨੀ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਕਰ ਰਹੇ ਹਨ। ਉੱਧਰ, ਆਮ ਆਦਮੀ ਪਾਰਟੀ ਦੇ ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਜੇ ਕਾਂਗਰਸ ਆਰਡੀਨੈਂਸ ਮਾਮਲੇ 'ਤੇ ਉਨ੍ਹਾਂ ਦਾ ਸਮਰਥਨ ਨਹੀਂ ਕਰਦੀ ਹੈ ਤਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਰੋਧੀ ਪਾਰਟੀਆਂ ਦੀ ਬੈਠਕ 'ਚੋਂ ਵਾਕਆਊਟ ਕਰ ਸਕਦੇ ਹਨ। ਸੂਤਰਾਂ ਨੇ ਕਿਹਾ—ਅਸੀਂ ਚਾਹੁੰਦੇ ਹਾਂ ਕਿ ਕਾਂਗਰਸ ਆਰਡੀਨੈਂਸ ਮਾਮਲੇ 'ਤੇ ਆਪਣਾ ਸਟੈਂਡ ਸਪੱਸ਼ਟ ਕਰੇ। ਅਸੀਂ ਕਾਂਗਰਸ ਨੇਤਾਵਾਂ ਨਾਲ ਮੀਟਿੰਗ ਦੀ ਬੇਨਤੀ ਕੀਤੀ ਸੀ, ਪਰ ਉਹ ਮਿਲੇ ਨਹੀਂ। ਹੁਣ ਜੇ ਕਾਂਗਰਸ ਬੈਠਕ ਦੌਰਾਨ ਆਰਡੀਨੈਂਸ ਦੇ ਮੁੱਦੇ 'ਤੇ ਸਾਡਾ ਸਮਰਥਨ ਨਹੀਂ ਕਰਦੀ ਤਾਂ ਦਿੱਲੀ ਦੇ ਮੁੱਖ ਮੰਤਰੀ ਵਾਕਆਊਟ ਕਰ ਦੇਣਗੇ।

ਹਾਈਡਰੋਜਨ ਦੇ ਸਿਲੰਡਰਾਂ 'ਚ ਧਮਾਕੇ

ਲੁਧਿਆਣਾ : ਬੁੱਧਵਾਰ ਰਾਤ ਕਰੀਬ 11 ਵਜੇ ਪਾਇਲ-ਰਾੜਾ ਸਾਹਿਬ ਰੋਡ 'ਤੇ ਪਿੰਡ ਘੁਡਾਣੀ ਖੁਰਦ ਨੇੜੇ ਹਾਈਡਰੋਜਨ ਦੇ ਭਰੇ ਸਿਲੰਡਰਾਂ ਵਾਲੀ ਗੱਡੀ ਨੂੰ ਦਰੱਖਤਾਂ ਨਾਲ ਟਕਰਾਉਣ ਕਾਰਨ ਅੱਗ ਲੱਗ ਗਈ। ਗੱਡੀ ਸੜ ਗਈ, ਪਰ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ।

ਹਾਈਡਰੋਜਨ ਗੈਸ ਦੇ ਭਰੇ ਹੋਏ ਸਿਲੰਡਰਾਂ ਦੀ ਗੱਡੀ ਰਾਜਪੁਰਾ ਤੋਂ ਰਾਏਕੋਟ ਜਾ ਰਹੀ ਸੀ, ਪਿੰਡ ਘੁਡਾਣੀ ਖੁਰਦ ਲੰਘ ਕੇ ਗੱਡੀ ਦਾ ਅਗਲਾ ਟਾਇਰ ਫਟਣ ਕਾਰਨ ਉਹ ਸੜਕ ਕੰਢੇ ਦਰੱਖਤਾਂ ਨਾਲ ਟਕਰਾਉਂਦੀ ਹੋਈ ਸੜਕ ਦੇ ਦੂਜੇ ਕਿਨਾਰੇ ਚਲੀ ਗਈ। ਅੱਗ ਲੱਗਣ ਕਾਰਨ ਸਿਲੰਡਰਾਂ 'ਚ ਧਮਾਕੇ ਹੋ ਗਏ।

ਗਿਆਨੀ ਰਘਬੀਰ ਸਿੰਘ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਤਾਜਪੋਸ਼ੀ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵ ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਵੀਰਵਾਰ ਤਾਜਪੋਸ਼ੀ ਸਮਾਗਮ ਸਮੇਂ ਜਿਥੇ ਵੱਖ-ਵੱਖ ਧਾਰਮਕ ਤੇ ਪੰਥਕ ਜਥੇਬੰਦੀਆਂ ਨੇ ਦਸਤਾਰਾਂ ਭੇਟ ਕਰਕੇ ਉਹਨਾ ਦੇ ਅਹੁਦੇ ਨੂੰ ਮਾਨਤਾ ਦਿੱਤੀ, ਉਥੇ ਰਵਾਇਤਾਂ ਅਨੁਸਾਰ ਜੈਕਾਰਿਆ ਤੇ ਨਾਅਰਿਆਂ ਦੀ ਗੂੰਜ ਵਿੱਚ ਅਹੁਦੇ ਦੀ ਸੇਵਾ ਸੰਭਾਲੀ। ਸੇਵਾ ਸੰਭਾਲ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਇਆ, ਜਿਸ ਵਿਚ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਤੇ ਗਿਆਨੀ ਮਲਕੀਤ ਸਿੰਘ, ਤਖ਼ਤ ਪਟਨਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ, ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ, ਨਿਹੰਗ ਜਥੇਬੰਦੀ ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ, ਬਾਬਾ ਅਵਤਾਰ ਸਿੰਘ ਸੁਰਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਦਿਲਜੀਤ ਸਿੰਘ ਬੇਦੀ ਤੇ ਬਾਬਾ ਜੱਸਾ ਸਿੰਘ, ਦਿੱਲੀ ਕਮੇਟੀ ਵੱਲੋਂ ਹੈੱਡ ਗ੍ਰੰਥੀ ਗਿਆਨੀ ਰਣਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਵੱਲੋਂ ਦਲਜੀਤ ਸਿੰਘ ਚੀਮਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ, ਪਰਮਜੀਤ ਸਿੰਘ ਸਰਨਾ ਸਮੇਤ ਵੱਖ-ਵੱਖ ਤਖ਼ਤਾਂ ਦੇ ਸਾਬਕਾ ਜਥੇਦਾਰ ਸਾਹਿਬਾਨ, ਨਿਹੰਗ ਸਿੰਘ ਦਲਾਂ, ਸਿੱਖ ਟਕਸਾਲਾਂ, ਸਿੱਖ ਸੰਪ੍ਰਦਾਵਾਂ, ਕਾਰ ਸੇਵਾ ਵਾਲੇ ਮਹਾਂਪੁਰਸ਼ਾਂ, ਸਭਾ-ਸੁਸਾਇਟੀਆਂ, ਪੰਥਕ ਤੇ ਧਾਰਮਕ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਧਾਰਮਕ, ਸਮਾਜਕ ਤੇ ਪੰਥਕ ਸ਼ਖਸੀਅਤਾਂ ਨੇ ਦਸਤਾਰਾਂ ਤੇ ਸਿਰੋਪਾਓ ਭੇਟ ਕਰਕੇ ਮਾਨਤਾ ਦਿੱਤੀ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਨਿਯੁਕਤੀ ਸੰਬੰਧੀ 16 ਜੂਨ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੀਤਾ ਗਿਆ ਮਤਾ ਪੜ੍ਹਿਆ, ਜਿਸ ਦਾ ਹਾਜ਼ਰ ਖ਼ਾਲਸਾ ਪੰਥ ਨੇ ਜੈਕਾਰਿਆਂ ਦੀ ਗੂੰਜ ਵਿਚ ਸਵਾਗਤ ਕੀਤਾ। ਇਸ ਮਗਰੋਂ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਸੱਚਖੰਡ ਹਰਿਮੰਦਰ ਸਾਹਿਬ ਵੱਲੋਂ ਗਿਆਨੀ ਰਘਬੀਰ ਸਿੰਘ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਨਾਂਅ ਦਾ ਐਲਾਨ ਕਰਦਿਆਂ ਪੰਥਕ ਜੈਕਾਰਿਆਂ ਤੇ ਨਾਅਰਿਆਂ ਦੀ ਗੂੰਜ ਵਿੱਚ ਮਾਨਤਾ ਦਿੱਤੀ ਗਈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਹ ਧੜਿਆਂ ਵਿਚ ਵੰਡੇ ਪੰਥ ਨੂੰ ਇਕਜੁਟ ਕਰਨ ਲਈ ਯਤਨ ਕਰਨਗੇ। ਉਨ੍ਹਾ ਕਿਹਾ ਕਿ ਮਿਸਲਾਂ ਸਮੇਂ ਵੀ ਪੰਥ ਵੱਖ-ਵੱਖ ਧੜਿਆਂ ਵਿਚ ਹੋਣ ਦੇ ਬਾਵਜੂਦ ਪੰਥਕ ਮਾਮਲਿਆਂ 'ਤੇ ਇਕਜੁਟ ਰਹਿੰਦਾ ਸੀ, ਉਸੇ ਤਰ੍ਹਾਂ ਹੁਣ ਵੀ ਪੰਥਕ ਮਾਮਲਿਆਂ 'ਤੇ ਸਾਰਿਆਂ ਨੂੰ ਇਕੱਠਿਆਂ ਕੀਤਾ ਜਾਵੇਗਾ।

'ਦਲੇਰ ਵਲਟੋਹਾ ਨੂੰ ਹੀ ਅਕਾਲ ਤਖਤ ਦਾ ਜਥੇਦਾਰ ਲਾ ਦਿਓ'

ਅੰਮ੍ਰਿਤਸਰ. (ਜਸਬੀਰ ਸਿੰਘ ਪੱਟੀ) ਸ੍ਰੀ ਅਕਾਲ ਤਖਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ 'ਤੇ ਤਨਜ਼ ਕੱਸਦਿਆਂ ਕਿਹਾ ਹੈ ਕਿ ਵਲਟੋਹਾ ਨੂੰ ਹੀ ਸ੍ਰੀ ਅਕਾਲ ਤਖਤ ਦਾ ਜਥੇਦਾਰ ਬਣਾ ਦਿਓ। ਉਨ੍ਹਾ ਕਿਹਾ ਕਿ ਉਨ੍ਹਾ ਜਦੋਂ ਦਬਾਅ ਮਹਿਸੂਸ ਕੀਤਾ ਤਾਂ ਮੁੱਖ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਹਿ ਦਿੱਤਾ ਸੀ ਕਿ ਉਹ ਆਪਣੀਆਂ ਸੇਵਾਵਾਂ ਇਸ ਮਾਹੌਲ ਵਿੱਚ ਜਾਰੀ ਨਹੀਂ ਰੱਖ ਸਕਦੇ, ਇਸ ਲਈ ਉਹਨਾਂ ਨੂੰ ਸੇਵਾ-ਮੁਕਤ ਕਰ ਦਿ

23-JUNE-PAGE-1.qxd 6/22/2023 10:02 PM Page 2

ਪੈਨਸ਼ਨਰਾਂ 'ਤੇ ਜਬਰੀ ਲਗਾਏ ਵਿਕਾਸ ਟੈਕਸ ਦੀ ਪ ਸ ਸ ਫ ਵੱਲੋਂ ਨਿਖੇਧੀ

ਹੁਸ਼ਿਆਰਪੁਰ, (ਬਲਵੀਰ ਸੈਣੀ) ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਵਲੋਂ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸ਼ਹੀਦ ਭਗਤ ਸਿੰਘ ਦਾ ਨਾਂਅ ਵਰਤ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਕੀਤੇ ਜਾ ਰਹੇ ਫੈਸਲਿਆਂ ਦੀ ਕੜੀ ਵਿੱਚ ਇੱਕ ਹੋਰ ਕੀਰਤੀਮਨ ਸਥਾਪਤ ਕਰ ਦਿੱਤਾ ਹੈ।

ਜੱਥੇਬੰਦੀਆਂ ਵਲੋਂ ਮੰਗ ਤਾਂ ਇਹ ਕੀਤੀ ਜਾ ਰਹੀ ਸੀ ਕਿ ਕਾਂਗਰਸ ਸਰਕਾਰ ਵਲੋਂ ਮੁਲਾਜ਼ਮਾਂ 'ਤੇ ਜਬਰੀ ਲਗਾਇਆ 200 ਰੁਪਏ ਜਜ਼ੀਆ ਟੈਕਸ ਨੂੰ ਬੰਦ ਕੀਤਾ ਜਾਵੇ, ਪ੍ਰੰਤੂ ਭਗਵੰਤ ਮਾਨ ਦੀ ਸਰਕਾਰ ਨੇ ਸਗੋਂ ਪੈਨਸ਼ਨਰਾਂ ਉੱਪਰ ਵੀ ਇਹ 200 ਰੁਪਏ ਡਿਵੈੱਲਪਮੈਂਟ ਟੈਕਸ ਲਾਗੂ ਕਰ ਦਿੱਤਾ ਹੈ। ਸੂਬਾ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ, ਵੇਦ ਪ੍ਰਕਾਸ਼ ਸ਼ਰਮਾ, ਕਰਮਜੀਤ ਸਿੰਘ ਬੀਹਲਾ, ਸੁਖਵਿੰਦਰ ਚਾਹਲ, ਮੱਖਣ ਸਿੰਘ ਵਾਹਿਦਪੁਰੀ, ਹਰਮਨਪ੍ਰੀਤ ਕੌਰ ਗਿੱਲ ਨੇ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਮੁਲਾਜ਼ਮ ਅਤੇ ਪੈਨਸ਼ਨਰ ਪਹਿਲਾਂ ਹੀ ਤਨਖਾਹ ਅਤੇ ਪੈਨਸ਼ਨ ਉੱਪਰ ਸਰਕਾਰ ਨੂੰ ਟੈਕਸ ਅਦਾ ਕਰਦੇ ਹਨ।

ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਤੁਗਲਕੀ ਫਰਮਾਨ ਨੂੰ ਵਾਪਿਸ ਲਿਆ ਜਾਵੇ। ਐਲਾਨ ਕੀਤਾ ਗਿਆ ਕਿ ਪੰਜਾਬ-ਯੂ.ਟੀ. ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਮਿਤੀ 24 ਅਤੇ 25 ਜੂਨ ਨੂੰ ਮੰਤਰੀਆਂ ਦੇ ਘਰਾਂ ਅੱਗੇ ਇਸ ਪੱਤਰ ਦੀਆਂ ਕਾਪੀਆਂ ਫੂਕੀਆਂ ਜਾਣਗੀਆਂ। ਇਸ ਮੌਕੇ ਕਿਸ਼ੋਰ ਚੰਦ ਗਾਜ, ਕੁਲਦੀਪ ਪੂਰੋਵਾਲ, ਬੋਬਿੰਦਰ ਸਿੰਘ, ਬੀਰਇੰਦਰਜੀਤ ਪੁਰੀ, ਫੂਮਣ ਸਿੰਘ ਕਾਠਗੜ੍ਹ, ਮੋਹਣ ਸਿੰਘ ਪੂਨੀਆ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਰਜੇਸ਼ ਕੁਮਰ ਅਮਲੋਹ, ਜਸਵਿੰਦਰ ਸਿੰਘ ਸੋਜਾ, ਜਸਵੀਰ ਤਲਵਾੜਾ, ਜੱਗਾ ਸਿੰਘ ਅਲੀਸ਼ੇਰ, ਬਲਵਿੰਦਰ ਭੁੱਟੋ, ਗੁਰਦੇਵ ਸਿੰਘ ਸਿੱਧੂ, ਗੁਰਵਿੰਦਰ ਸਿੰਘ, ਪ੍ਰੇਮ ਚੰਦ, ਮਨੋਹਰ ਲਾਲ ਸ਼ਰਮਾ, ਅਰਵਿੰਦਰ ਸਿੰਘ ਰਸੂਲਪੁਰ, ਨਿਰਮੋਲਕ ਸਿੰਘ, ਰਜਿੰਦਰ ਸਿੰਘ ਰਿਆੜ, ਸਰਬਜੀਤ ਸਿੰਘ ਪੱਟੀ, ਸੁਭਾਸ਼ ਚੰਦਰ, ਅਮਰੀਕ ਸਿੰਘ, ਕੁਲਦੀਪ ਵਾਲੀਆ ਆਦਿ ਆਗੂ ਵੀ ਹਾਜਰ ਸਨ।

ਲੜਕੀ ਵੱਲੋਂ ਵਿਆਹ ਲਈ ਮਨ੍ਹਾ ਕਰਨ 'ਤੇ ਨੌਜਵਾਨ ਵੱਲੋਂ ਖੁਦਕੁਸ਼ੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) -ਲੜਕੀ ਵੱਲੋਂ ਵਿਆਹ ਲਈ ਮਨ੍ਹਾ ਕਰਨ ਤੋਂ ਨਿਰਾਸ਼ ਹੋਏ ਖਮਾਣੋਂ ਦੇ ਇੱਕ ਨੌਜਵਾਨ ਵੱਲੋਂ ਜ਼ਹਿਰੀਲੀ ਵਸਤੂ ਖਾ ਕੇ ਖੁਦਕਸ਼ੀ ਕਰ ਲੈਣ ਦਾ ਸਮਾਚਾਰ ਹੈ।

ਮ੍ਰਿਤਕ ਦੇ ਤਾਏ ਗੁਰਦੀਪ ਸਿੰਘ ਵਾਸੀ ਖਮਾਣੋਂ ਕਲਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸਦਾ ਭਤੀਜਾ ਗੁਰਜੀਤ ਸਿੰਘ ਸੁਮਨਪ੍ਰੀਤ ਕੌਰ ਨਾਮਕ ਲੜਕੀ ਨਾਲ ਪਿਆਰ ਕਰਦਾ ਸੀ ਤੇ ਉਸ ਨਾਲ ਹੀ ਵਿਆਹ ਕਰਾਉਣਾ ਚਾਹੁੰਦਾ ਸੀ, ਪਰ ਬੀਤੇ ਕੁਝ ਦਿਨਾਂ ਤੋਂ ਸੁਮਨਪ੍ਰੀਤ ਕੌਰ ਉਸਨੂੰ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਕਰ ਰਹੀ ਸੀ, ਜਿਸ ਦੇ ਚੱਲਦਿਆਂ ਸਮੁਨਪ੍ਰੀਤ ਕੌਰ ਨੇ ਗੁਰਜੀਤ ਸਿੰਘ ਨੂੰ ਵਿਆਹ ਕਰਾਉਣ ਤੋਂ ਮਨਾ ਕਰ ਦਿੱਤਾ, ਜਿਸ ਨੂੰ ਗੁਰਜੀਤ ਸਿੰਘ ਨੇ ਕਿਹਾ ਕਿ ਜੇਕਰ ਉਸ ਨੇ ਵਿਆਹ ਤੋਂ ਜਵਾਬ ਦਿੱਤਾ ਤਾਂ ਉਹ ਕੁਝ ਖਾ ਕੇ ਮਰ ਜਾਵੇਗਾ ਤਾਂ ਉਕਤ ਲੜਕੀ ਨੇ ਕਿਹਾ ਕਿ ਜੋ ਤੂੰ ਖਾਣਾ ਹੈ ਖਾ ਲੈ, ਜਿਸ 'ਤੇ ਗੁਰਜੀਤ ਸਿੰਘ ਨੇ ਕੋਈ ਜ਼ਹਿਰੀਲੀ ਚੀਜ਼ ਖਾ ਲਈ। ਉਸ ਨੂੰ ਇਲਾਜ ਲਈ ਪਹਿਲਾਂ ਖਮਾਣੋਂ ਅਤੇ ਫਿਰ ਚੰਡੀਗੜ੍ਹ ਦੇ ਸੈਕਟਰ 32 ਹਸਪਤਾਲ 'ਚ ਦਾਖਲ ਕਰਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ।

ਰੇਲ ਗੱਡੀ ਥੱਲੇ ਆ ਕੇ ਜੀਵਨ ਲੀਲ੍ਹਾ ਸਮਾਪਤ

ਦਿੜ੍ਹਬਾ (ਜਸਵੀਰ ਲਾਡੀ) ਪਿੰਡ ਨੰਗਲਾ ਦੇ ਇੱਕ ਨੌਜਵਾਨ ਵੱਲੋਂ ਰੇਲ ਗੱਡੀ ਹੇਠ ਆ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਗੁਰਲਾਲ ਸਿੰਘ ਰੇਲਵੇ ਚੌਕੀ ਇੰਚਾਰਜ ਛਾਜਲੀ ਨੇ ਦੱਸਿਆ ਕਿ ਲੁਧਿਆਣਾ ਹਿਸਾਰ ਰੇਲ ਲਾਈਨ ਸਥਿਤ ਗੋਬਿੰਦਗੜ੍ਹ ਖੋਖਰ ਸਟੇਸ਼ਨ ਦੇ ਨੇੜੇ ਗੁਰਵਿੰਦਰ ਸਿੰਘ (27) ਪੁੱਤਰ ਬਹਾਦਰ ਸਿੰਘ ਨੇ ਦਿਮਾਗੀ ਪ੍ਰੇਸ਼ਾਨੀ ਦੇ ਚੱਲਦਿਆਂ ਬੀਤੇ ਦਿਨੀਂ ਰੇਲ ਗੱਡੀ ਹੇਠ ਆ ਕੇ ਜੀਵਨ ਲੀਲਾ ਸਮਾਪਤ ਕਰ ਲਈ ਹੈ। ਮਲਕੀਤ ਸਿੰਘ ਥਾਣੇਦਾਰ ਨੇ 174 ਦੀ ਕਾਰਵਾਈ ਕਰਦਿਆਂ ਲਾਸ਼ ਨੂੰ ਪੋਸਟਮਾਰਟਮ ਉਪਰੰਤ ਵਾਰਿਸਾਂ ਨੂੰ ਸੌਂਪ ਦਿੱਤਾ। ਪਿੰਡ ਨੰਗਲਾ ਦੇ ਵਾਸੀਆਂ 'ਚ ਗੁਰਵਿੰਦਰ ਸਿੰਘ ਦੀ ਹੋਈ ਬੇਵਕਤੀ ਮੌਤ ਕਾਰਨ ਸੋਗ ਦੀ ਲਹਿਰ ਦੌੜ ਗਈ।

'ਆਪ' ਦਫ਼ਤਰ ਦੇ ਬਾਹਰ ਠੰਢੇ ਮਿੱਠੇ ਜਲ ਦੀ ਲਾਈ ਛਬੀਲ

ਨਾਭਾ (ਵਰਿੰਦਰ ਵਰਮਾ) ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦਫਤਰ ਦੇ ਬਾਹਰ ਠੰਢੇ ਮਿੱਠੇ ਜਲ ਦੀ ਛਬੀਲ ਲਾਈ ਗਈ, ਜਿਸ ਵਿੱਚ 'ਆਪ' ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਸਭ ਤੋਂ ਪਹਿਲਾਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਤੇ ਇਸ ਉਪਰੰਤ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਠੰਢੇ ਮਿੱਠੇ ਜਲ ਦੀ ਛਬੀਲ ਤੇ ਤਨਦੇਹੀ ਨਾਲ ਸੇਵਾ ਕੀਤੀ।

ਇਸ ਮੌਕੇ ਦੇਵ ਮਾਨ ਨੇ ਦੱਸਿਆ ਕਿ ਇਹ ਏਕਤਾ ਤੇ ਸੇਵਾ ਦੀ ਭਾਵਨਾ ਨੂੰ ਦਰਸਾਉਂਦਾ ਹੈ। ਛਬੀਲ ਨਿਰਸਵਾਰਥ ਸੇਵਾ, ਸਮਾਨਤਾ ਅਤੇ ਫਿਰਕੂ ਸਦਭਾਵਨਾ ਦੇ ਸਿਧਾਂਤ ਨੂੰ ਦਰਸਾਉਣ ਵਿੱਚ ਬਹੁਤ ਮਹੱਤਵ ਰੱਖਦੀ ਹੈ।

ਇਸ ਮੌਕੇ ਛੋਟ-ਛੋਟੇ ਬੱਚਿਆਂ ਨੇ ਰਾਹਗੀਰਾਂ ਨੂੰ ਠੰਢੇ ਮਿੱਠੇ ਜਲ ਦੀ ਸੇਵਾ ਵਿੱਚ ਭਾਗ ਲਿਆ। ਇਸ ਮੌਕੇ ਆਮ ਆਦਮੀ ਪਾਰਟੀ ਸਹਿਰੀ ਬਲਾਕ ਪ੍ਰਧਾਨ ਅਸ਼ੋਕ ਅਰੋੜਾ, ਗੁਲਾਬ ਮਾਨ, ਕਪਿਲ ਮਾਨ, ਤੇਜਿੰਦਰ ਸਿੰਘ ਖਹਿਰਾ, ਸੁਖਦੇਵ ਸਿੰਘ ਮਾਨ, ਮਨਪ੍ਰੀਤ ਸਿੰਘ ਕਾਲੀਆ, ਅਮਨਦੀਪ ਸਿੰਘ ਰਹਿਲ ਪ੍ਰਧਾਨ ਟਰੱਕ ਯੂਨੀਅਨ ਨਾਭਾ, ਸੰਦੀਪ ਸਰਮਾ ਯੂਥ ਪ੍ਰਧਾਨ, ਸੁਖਦੀਪ ਸਿੰਘ ਖਹਿਰਾ, ਭੁਪਿੰਦਰ ਸਿੰਘ ਕੱਲਰਮਾਜਰੀ, ਡਾ ਸੁਖਵਿੰਦਰ ਸਿੰਘ, ਜਸਵੀਰ ਸਿੰਘ ਵਜੀਦਪੁਰ, ਮਨਪ੍ਰੀਤ ਸਿੰਘ ਧਾਰੋਕੀ, ਹਰਮੀਕ ਸਿੰਘ ਬਾਜਵਾ, ਅਮਰਜੀਤ ਸਿੰਘ ਵਜੀਦਪੁਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ 'ਆਪ' ਵਰਕਰ ਮੌਜੂਦ ਸਨ।

ਅੰਤਰਰਾਸ਼ਟਰੀ ਯੋਗ ਦਿਵਸ ਉਤਸ਼ਾਹ ਨਾਲ ਵੱਖ-ਵੱਖ ਥਾਈਂ ਮਨਾਇਆ

ਤਪਾ ਮੰਡੀ

ਤਪਾ ਮੰਡੀ, (ਅਰੁਣ ਗੋਇਲ) ਲੇਡੀਜ ਰੇਲਵੇ ਪਾਰਕ ਤਪਾ 'ਚ ਅੰਤਰਾਸਟਰੀ ਯੋਗ ਦਿਵਸ ਮੌਕੇ ਯੋਗ ਕੈਂਪ ਲਾਇਆ ਗਿਆ, ਜਿਸ ਵਿੱਚ ਐਸ.ਡੀ.ਐਮ ਤਪਾ ਨਰਿੰਦਰ ਸਿੰਘ, ਡੀ.ਐਸ.ਪੀ ਪੀਸੀਐਸ, ਤਪਾ ਰਵਿੰਦਰ ਸਿੰਘ ਰੰਧਾਵਾ, ਪੀਪੀਐਸ ਅਧਿਕਾਰੀ ਕਰਨ ਸ਼ਰਮਾ, ਚੌਂਕੀ ਇੰਚਾਰਜ ਗੁਰਪਾਲ ਸਿੰਘ ਸਮੇਤ ਮੰਡੀ ਦੇ ਵੱਡੀ ਗਿਣਤੀ 'ਚ ਡਾਕਟਰਜ, ਦੁਕਾਨਦਾਰਾਂ ਤੇ ਮਹਿਲਾਵਾਂ ਨੇ ਪਹੁੰਚ ਕੇ ਯੋਗ ਆਸਣ ਕੀਤੇ ਗਏ। ਇਸ ਮੌਕੇ ਪੁੱਜੇ ਸਿਵਲ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਹਾਜਰੀਨ ਨੂੰ ਦੱਸਿਆ ਕਿ ਸਰੀਰ ਨੂੰ ਤੰਦਰੁਸਤ ਰੱਖਣ ਲਈ ਇਸ ਤੋਂ ਵਧੀਆ ਕੋਈ ਹੋਰ ਸਾਧਨ ਨਹੀਂ ਹੋ ਸਕਦਾ।

ਮਾਛੀਵਾੜਾ ਸਾਹਿਬ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਸਿਵਲ ਸਰਜਨ ਲੁਧਿਆਣਾ ਡਾ. ਹਤਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਅਗਵਾਈ ਹੇਠ ਸੀਐੱਚਸੀ ਮਾਛੀਵਾੜਾ ਅਤੇ ਅਧੀਨ ਆਉਂਦੇ ਸਿਹਤ ਕੇਂਦਰਾਂ ਵਿੱਚ ਵਿਸ਼ਵ ਯੋਗ ਦਿਵਸ ਮਨਾਇਆ ਗਿਆ। ਡਾ. ਜਸਦੇਵ ਸਿੰਘ ਨੇ ਕਿਹਾ ਕਿ 'ਕਰੋ ਯੋਗ ਰਹੋ ਨਿਰੋਗ' ਭਾਵ ਕਿ ਅਸੀਂ ਯੋਗ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾ ਕੇ ਤੰਦਰੁਸਤੀ ਵਾਲਾ ਜੀਵਨ ਬਤੀਤ ਕਰ ਸਕਦੇ ਹਾਂ। ਇਸ ਲਈ ਹਰ ਇਨਸਾਨ ਨੂੰ ਆਪਣੀ ਸਮਰੱਥਾ ਅਨੁਸਾਰ ਯੋਗ ਜ਼ਰੂਰ ਕਰਨਾ ਚਾਹੀਦਾ ਹੈ। ਪ੍ਰਦੀਪ ਸਿੰਘ ਬਲਾਕ ਐਜੂਕੇਟਰ ਨੇ ਕਿਹਾ ਕਿ ਯੋਗ ਦੁਆਰਾ ਅਸੀਂ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਹੋ ਸਕਦੇ ਹਾਂ। ਇਸ ਮੌਕੇ ਡਾ. ਸਤਵਿੰਦਰ ਕੌਰ ਤੇ ਡਾ. ਰਸ਼ਪਾਲ ਸਿੰਘ ਵੱਲੋਂ ਯੋਗ ਆਸਣ ਕਰਵਾਏ ਗਏ। ਇਸ ਮੌਕੇ ਜਗੀਰ ਸਿੰਘ, ਮਨਮੋਹਨ ਸਿੰਘ, ਸਰਬਜੀਤ ਸਿੰਘ, ਮਨਿੰਦਰ ਸਿੰਘ, ਸਤਵੰਤ ਸਿੰਘ, ਗੁਰਪ੍ਰੀਤ ਕੌਰ ਤੇ ਸੁਰਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

ਇਸ ਤੋਂ ਇਲਾਵਾ ਸ੍ਰੀ ਸ਼ੰਕਰਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਿੱਖਿਆ ਵਿਭਾਗ ਵਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਦੀ ਅਗਵਾਈ ਵਿਚ ਵੱਖ-ਵੱਖ ਸ਼੍ਰੇਣੀਆਂ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਨਾਨ-ਟੀਚਿੰਗ ਸਟਾਫ਼ ਨੇ ਅੰਤਰਰਾਸ਼ਟਰੀ ਯੋਗ ਦਿਵਸ 'ਚ ਭਾਗ ਲੈਂਦਿਆਂ ਪ੍ਰਾਣਾਯਾਮ ਤੇ ਸਰੀਰਕ ਕਸਰਤਾਂ ਕੀਤੀਆਂ। ਇਸ ਮੌਕੇ ਰੀਨਾ ਸ਼ਰਮਾ, ਮੱਖਣ ਸਿੰਘ, ਕਮਲਜੀਤ ਵਰਮਾ (ਸਾਰੇ ਲੈਕਚਰਾਰ), ਮੈਥ ਮਾਸਟਰ ਨਿਰਮਲ ਸਿੰਘ, ਗੁਰਪ੍ਰੀਤ ਕੌਰ, ਅਮਰਜੀਤ ਸਿੰਘ, ਅਮਨਪ੍ਰੀਤ ਕੌਰ, ਮਨਪ੍ਰੀਤ ਕੌਰ ਤੇ ਰਾਮ ਰਤਨ ਵੀ ਮੌਜੂਦ ਸਨ।

ਸਮਾਣਾ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)- ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਤੇ ਰੱਖਿਆ ਸੇਵਾਵਾਂ ਭਲਾਈ ਵਿਭਾਗਾਂ ਦੇ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਅੰਦਰ ਸੁਰੂ ਕੀਤੀਆਂ ਗਈਆਂ ਸੀ.ਐਮ. ਦੀਆਂ ਯੋਗਸ਼ਾਲਾਵਾਂ ਸੂਬਾ ਵਾਸੀਆਂ ਨੂੰ ਤੰਦਰੁਸਤ ਕਰਨ ਲਈ ਅਹਿਮ ਭੂਮਿਕਾ ਨਿਭਾਉਣਗੀਆਂ। ਕੈਬਨਿਟ ਮੰਤਰੀ ਨੌਵੇਂ ਕੌਮਾਂਤਰੀ ਯੋਗਾ ਦਿਵਸ ਮੌਕੇ ਵੱਖ-ਵੱਖ ਯੋਗਾ ਕੈਂਪਾਂ ਵਿੱਚ ਸ਼ਿਕਰਤ ਕਰਨ ਪੁੱਜੇ ਹੋਏ ਸਨ। ਉਨ੍ਹਾਂ ਕਿਹਾ ਕਿ ਯੋਗ ਮਨੁੱਖੀ ਸਰੀਰ ਅੰਦਰ ਅਨੁਸਾਸਨਿਕ ਆਤਮਿਕ ਸਕਤੀ ਪੈਦਾ ਕਰਦਾ ਹੈ। ਜੋ ਸਾਡੇ ਸਰੀਰ ਨੂੰ ਨਿਰੋਗ ਅਤੇ ਮਨ ਨੂੰ ਸਕਤੀ ਪ੍ਰਦਾਨ ਕਰਦੀ ਹੈ। ਯੋਗ ਕੈਂਪ ਵਿੱਚ ਜੌੜਾਮਾਜਰਾ ਨੇ ਦੱਸਿਆ ਕਿ ਸੀ.ਐਮ. ਦੀ ਯੋਗਸਾਲਾ ਦਾ ਲਾਭ ਲੈਣ ਲਈ ਜਦੋਂ 25 ਲੋਕ ਯੋਗ ਕਰਨ ਲਈ ਤਿਆਰ ਹੋਣ ਤਾਂ ਸ਼ਹਿਰ ਵਾਸੀ ਟੋਲ ਫਰੀ ਨੰਬਰ 76694-00500 ਉਪਰ ਫੋਨ ਕਰਨ ਜਾਂ ਵੈੱਬਸਾਈਟ ਉਤੇ ਲਾਗਇਨ ਕਰ ਸਕਦੇ ਹਨ। ਕੈਬਨਿਟ ਮੰਤਰੀ ਨੇ ਯੋਗ 'ਚ ਸ਼ਾਮਲ ਬੱਚਿਆਂ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਜਿਹੜੇ ਬੱਚੇ ਇਸ ਉਮਰ ਵਿੱਚ ਯੋਗ ਸਿੱਖ ਲੈਣਗੇ, ਉਨ੍ਹਾਂ ਦਾ ਸਾਰੀ ਉਮਰ ਸਰੀਰ ਜਿੱਥੇ ਤੰਦਰੁਸਤ ਰਹੇਗਾ, ਉਹ ਯੋਗਾ ਦੀਆਂ ਕਲਾਸਾਂ ਲਾਉਣ ਵਿੱਚ ਵੀ ਸਫ਼ਲ ਹੋਣਗੇ।

'ਰਿਜ਼ਰਵੇਸ਼ਨ ਚੋਰ ਫੜੋ' ਮੋਰਚੇ 'ਚ ਮਾਸਟਰ ਬਨਵਾਰੀ ਲਾਲ ਸਾਥੀਆਂ ਸਮੇਤ ਸ਼ਾਮਲ

ਫ਼ਤਿਹਗੜ੍ਹ ਚੂੜੀਆਂ, (ਜਸਦੇਵ ਮਾਨ) ਡਾਇਰੈਕਟਰ ਸਮਾਜ ਭਲਾਈ ਦਫ਼ਤਰ ਮੋਹਾਲੀ (ਪੰਜਾਬ) ਦੇ ਸਾਹਮਣੇ ਮਈ ਮਹੀਨੇ ਤੋਂ ਰਿਜਰਵੇਸ਼ਨ ਚੋਰ (ਜਾਅਲੀ ਸਰਟੀਫਿਕੇਟ ਪਕੜੋ) ਤਹਿਤ ਮੋਰਚਾ ਲੱਗਾ ਹੋਇਆ ਹੈ, ਜਿਸ ਵਿੱਚ ਹੁਣ ਤੱਕ ਜਨਰਲ ਕੈਟਾਗਰੀ ਦੇ ਲੋਕਾਂ ਵੱਲੋਂ ਜਾਅਲੀ ਸਰਟੀਫਿਕੇਟਾਂ ਦੇ ਸਹਾਰੇ ਸਰਕਾਰੀ ਨੌਕਰੀਆਂ ਲੈਣ ਵਾਲੇ ਵਿਅਕਤੀ ਕਾਫੀ ਵੱਡੀ ਗਿਣਤੀ ਵਿੱਚ ਫੜੇ ਗਏ ਹਨ। ਮੋਰਚੇ ਵਿੱਚ ਵੱਡੀ ਗਿਣਤੀ 'ਚ ਧਰਨਾਕਾਰੀ ਆਪਣਾ ਪ੍ਰਦਰਸ਼ਨ ਕਰ ਰਹੇ ਹਨ। ਮਾਸਟਰ ਬਨਵਾਰੀ ਲਾਲ ਨੇ ਦੱਸਿਆ ਕਿ ਪਟਿਆਲਾ ਯੂਨੀਵਰਸਿਟੀ ਤੋਂ ਕਢਾਈ ਗਈ ਲਿਸਟ ਮੁਤਾਬਕ ਜਨਰਲ ਕੈਟਾਗਰੀ ਵਾਲੇ ਵਿਅਕਤੀਆਂ ਨੇ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੇ ਹੱਕਾਂ 'ਤੇ ਡਾਕਾ ਮਾਰ ਕੇ ਜਾਅਲੀ ਸਰਟੀਫਿਕੇਟ ਲਾ ਕੇ ਸਰਕਾਰੀ ਨੌਕਰੀਆਂ ਦਾ ਆਨੰਦ ਪ੍ਰਾਪਤ ਕਰ ਰਹੇ ਹਨ। ਇਸ ਲਈ ਵੱਡੀ ਗਿਣਤੀ ਵਿੱਚ ਇਹ ਲੋਕ ਫੜੇ ਗਏ ਹਨ। ਮਾਸਟਰ ਬਨਵਾਰੀ ਲਾਲ ਨੇ ਹੋਰ ਅੱਗੇ ਦੱਸਿਆ ਕਿ ਅੱਜ ਪੰਜਾਬ ਵਿੱਚ ਸੇਵਾਦਾਰ ਤੋਂ ਡਿਪਟੀ ਕਮਿਸ਼ਨਰ ਤੱਕ ਜਾਅਲੀ ਸਰਟੀਫਿਕੇਟਾਂ ਨਾਲ ਹੱਕਾਂ 'ਤੇ ਡਾਕਾ ਮਾਰ ਕੇ ਵੱਡੀਆਂ ਕਾਰਾਂ ਅਤੇ ਏ ਸੀ ਕਮਰਿਆਂ ਵਿੱਚ ਬੇਸ਼ਰਮੀ ਨਾਲ਼ ਘੁਮਨ ਵਾਲੀਆਂ ਕੁਰਸੀਆਂ 'ਤੇ ਬੈਠ ਕੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਮਿਲਣ ਤੱਕ ਦਾ ਗੁਰੇਜ਼ ਕਰਦੇ ਹਨ।

ਉਨ੍ਹਾਂ ਦੱਸਿਆ ਕਿ ਹੁਣ ਤੱਕ ਰਿਜ਼ਰਵੇਸ਼ਨ ਚੋਰ ਫੜੋ ਮੋਰਚੇ ਵੱਲੋਂ 150 ਦੇ ਕਰੀਬ ਜਾਅਲੀ ਸਰਟੀਫਿਕੇਟਾਂ ਨਾਲ ਨੌਕਰੀ ਪ੍ਰਾਪਤ ਕਰ ਚੁੱਕੇ ਵਿਅਕਤੀਆਂ ਨੂੰ ਫੜ ਕੇ ਡਾਇਰੈਕਟਰ ਸਮਾਜ ਭਲਾਈ ਦਫ਼ਤਰ ਮੋਹਾਲੀ ਦੇ ਹਵਾਲੇ ਕਰ ਚੁੱਕੇ ਹਨ।

ਔਰਤਾਂ ਨਾਲ ਕੁੱਟਮਾਰ ਤੇ ਛੇੜਛਾੜ ਕਰਨ 'ਤੇ ਮਾਮਲਾ ਦਰਜ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,

23-Junl-PAGE-3.qxd 6/22/2023 10:17 PM Page 1

ਨਹਿਰੀ ਵਿਭਾਗ ਦੇ ਪਟਵਾਰੀਆਂ ਵੱਲੋਂ ਕਲਮਛੋੜ ਹੜਤਾਲ ਜਾਰੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਨਹਿਰੀ ਵਿਭਾਗ ਡਿਵੀਜਨ ਅਬੋਹਰ ਦੇ ਪਟਵਾਰੀ ਰਾਜ ਕੁਮਾਰ ਦੀ ਡਿਊਟੀ ਦੌਰਾਨ ਗਾਲੀ ਗਲੋਚ ਤੇ ਕੁੱਟਮਾਰ ਕਰਨ ਅਤੇ ਸਰਕਾਰੀ ਕੰਮ ਵਿੱਚ ਵਿਘਨ ਪਾਉਣ ਵਾਲੇ ਪਿੰਡ ਕੁੰਡਲ ਦੇ ਸਾਬਕਾ ਸਰਪੰਚ ਜਗਮਨਜੀਤ ਸਿੰਘ ਉਰਫ ਮਿੱਕੂ ਦੀ ਗ੍ਰਿਫਤਾਰੀ ਨਾ ਕਰਨ ਨੂੰ ਲੈ ਕੇ ਇਨਸਾਫ ਦੀ ਮੰਗ ਲਈ ਨਹਿਰੀ ਪਟਵਾਰ ਯੂਨੀਅਨ ਜਲ ਸਰੋਤ ਵਿਭਾਗ ਪੰਜਾਬ ਦੇ ਸੱਦੇ 'ਤੇ ਪੁਲਸ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੇ ਵਤੀਰੇ ਵਿਰੁੱਧ ਚੱਲ ਰਹੀ ਕਲਮਛੋੜ ਹੜਤਾਲ ਤਹਿਤ ਇਥੇ ਨਹਿਰੀ ਵਿਭਾਗ ਡਿਵੀਜਨ ਗੁਰਦਾਸਪੁਰ ਦੇ ਜ਼ਿਲ੍ਹੇਦਾਰੀ ਸੈਕਸ਼ਨ ਧਾਰੀਵਾਲ ਦੇ ਸਮੂਹ ਸਟਾਫ ਤੇ ਪਟਵਾਰੀਆਂ ਵਲੋਂ ਕਲਮਛੋੜ ਹੜਤਾਲ ਕਰਕੇ ਸਾਰਾ ਦਿਨ ਕੰਮ ਕਾਰ ਠੱਪ ਰੱਖਿਆ। ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਅਤੇ ਸਰਕਾਰ ਖਿਲਾਫ਼ ਨਾਅਰੇਬਾਜੀ ਕਰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਮੁਲਜ਼ਮ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਪਟਵਾਰੀ ਰਾਜ ਕੁਮਾਰ ਨੂੰ ਇਨਸਾਫ ਦਿਵਾਉਣ ਤੱਕ ਲਗਾਤਾਰ ਸੰਘਰਸ਼ ਜਾਰੀ ਰਹੇਗਾ। ਧਾਰੀਵਾਲ ਸੈਕਸ਼ਨ ਦੇ ਜ਼ਿਲ੍ਹੇਦਾਰ ਬਲਬੀਰ ਸਿੰਘ ਰੰਧਾਵਾ ਤੇ ਪਟਵਾਰੀਆਂ ਨੇ ਦੱਸਿਆ ਕਿ 27 ਮਈ ਨੂੰ ਅਬੋਹਰ ਡਿਵੀਜਨ ਦੇ ਪਟਵਾਰੀ ਰਾਜ ਕੁਮਾਰ ਦੀ ਆਪਣੇ ਹਲਕੇ ਪਿੰਡ ਕੁੰਡਲ ਵਿੱਚ ਡਿਊਟੀ ਦੌਰਾਨ ਸਾਬਕਾ ਸਰਪੰਚ ਜਗਮਨਜੀਤ ਸਿੰਘ ਨੇ ਗਾਲੀ ਗਲੋਚ ਤੇ ਕੁੱਟਮਾਰ ਕੀਤੀ ਅਤੇ ਸਰਕਾਰੀ ਕੰਮ ਵਿੱਚ ਵਿਘਨ ਪਾਉਂਦਿਆਂ ਰਿਕਾਰਡ ਪਾੜਨ ਦੀ ਧਮਕੀ ਦਿੱਤਾ ਸੀ। ਪਰ ਉਥੇ ਦੇ ਪੁਲੀਸ ਪ੍ਰਸਾਸ਼ਨ ਵਲੋਂ ਸਿਆਸੀ ਅਸਰ ਰਸੂਖ ਰੱਖਣ ਵਾਲੇ ਸਾਬਕਾ ਸਰਪੰਚ ਜਗਮਨਜੀਤ ਸਿੰਘ ਵਿਰੁੱਧ ਜਦੋਂ ਕੋਈ ਕਾਰਵਾਈ ਨਾ ਕੀਤੀ ਤਾਂ ਨਹਿਰ ਵਿਭਾਗ ਦੇ ਮੁਲਾਜ਼ਮਾਂ ਦੇ ਰੋਹ ਨੂੰ ਵੇਖਦਿਆਂ ਪੁਲੀਸ ਨੂੰ ਐਫ ਆਈ ਆਰ ਦਰਜ ਕਰਨੀ ਪਈ। ਪਰ ਪੁਲੀਸ ਨੇ ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲੇ ਉੱਕਤ ਸਾਬਕਾ ਸਰਪੰਚ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ। ਇਸ ਸੰਬੰਧੀ 16 ਜੂਨ ਤੋਂ ਸਮੂਹ ਰੈਵੀਨਿਊ ਅਮਲਾ ਅਤੇ ਹੋਰ ਸਬੰਧਿਤ ਜਥੇਬੰਦੀਆਂ ਕਲਮਛੋੜ ਹੜਤਾਲ ਤੇ ਹਨ। ਅੱਜ ਦੀ ਹੜਤਾਲ ਵਿੱਚ ਨਹਿਰੀ ਸੈਕਸ਼ਨ ਧਾਰੀਵਾਲ ਦੇ ਜ਼ਿਲ੍ਹੇਦਾਰ ਬਲਬੀਰ ਸਿੰਘ ਰੰਧਾਵਾ, ਜੇ ਈ ਗੁਰਤੇਜ ਸਿੰਘ, ਪਟਵਾਰੀ ਮਨਜਿੰਦਰ ਸਿੰਘ, ਰਾਕੇਸ਼ ਜੋਸ਼ੀ, ਗਗਨ ਸ਼ਰਮਾ, ਪਲਵਿੰਦਰ ਸਿੰਘ, ਇੰਦਰਪਾਲ ਸਿੰਘ, ਰਾਮ ਦਾਸ, ਅਮਨਦੀਪ, ਕੁਲਦੀਪ ਸਿੰਘ (ਸਾਰੇ ਨਹਿਰੀ ਪਟਵਾਰੀ), ਕੁਲਵਿੰਦਰ ਕੌਰ, ਲਖਵਿੰਦਰ ਕੌਰ ਅਤੇ ਰੀਡਰ ਸਰਬਜੀਤ ਸਿੰਘ ਸ਼ਾਮਲ ਸਨ।

ਜੀਤ ਲਾਲ ਭੱਟੀ ਵੱਲੋਂ 23 ਲੱਖ ਰੁਪਏ ਦੇ ਵਿਕਾਸ ਦੇ ਕੰਮਾਂ ਦਾ ਉਦਘਾਟਨ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਹਲਕਾ ਆਦਮਪੁਰ ਦੇ ਪਿੰਡ ਢੰਡੋਰ, ਢੰਡੋਰੀ, ਨਾਜਕਾ, ਮਹੱਦੀਪੁਰ ਵਿਖੇ ਅੰਮ੍ਰਿਤਪਾਲ ਸਿੰਘ (ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਜਲੰਧਰ) ਤੇ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਵੱਲੋਂ 23 ਲੱਖ ਰੁਪਏ ਦੇ ਵਿਕਾਸ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਬੀ ਡੀ ਪੀ ਓ ਮਹੇਸ਼ ਕੁਮਾਰ, ਐਸ ਡੀ ਓ ਗੁਰਮਿੰਦਰ ਸਿੰਘ ਸਰਪੰਚ ਪਰਮਜੀਤ ਕੌਰ, ਸਰਪੰਚ ਇੰਦਰਜੀਤ ਕੌਰ, ਸਰਪੰਚ ਦਲਜੀਤ ਭਾਟੀਆ, ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਬਲਾਕ ਪ੍ਰਧਾਨ ਬੂਟਾ ਸਿੰਘ, ਸਰਕਲ ਇੰਚਾਰਜ ਹਨਿਦਰ ਸਿੰਘ, ਸਰਕਲ ਇੰਚਾਰਜ ਤਰਸੇਮ ਲਾਲ, ਸਰਕਲ ਇੰਚਾਰਜ ਅਮਰੀਕ ਸਿੰਘ , ਸੁਖਵਿੰਦਰ ਸਿੰਘ, ਸੰਜੀਵ ਕੁਮਾਰ, ਰਕੇਸ਼ ਕਪੂਰ ਪਿੰਕਾ, ਵਿਨੋਦ ਕੁਮਾਰ, ਅਸ਼ੋਕ ਕੁਮਾਰ, ਹਰਦੀਪ ਸਿੰਘ , ਪ੍ਰਦੀਪ ਸਿੰਘ, ਸਤਨਾਮ ਸਿੰਘ, ਵਿਜੇ ਕੁਮਾਰ, ਅਮਰੀਕ ਸਿੰਘ ਅਤੇ ਪਿੰਡ ਵਾਸੀ ਮੌਜੂਦ ਸਨ।

ਕਿਸਾਨ-ਮਜ਼ਦੂਰ ਤੇ ਬੀਬੀਆਂ ਵੱਲੋਂ ਬਿਜਲੀ ਸੰਬੰਧੀ ਸਮੱਸਿਆ ਨੂੰ ਲੈ ਕੇ ਧਰਨਾ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਜਿਲ੍ਹਾ ਤਰਨ ਤਾਰਨ ਦੀ ਜੋਨ ਬਾਬਾ ਬੀਰ ਸਿੰਘ ਦੇ ਪਿੰਡ ਸੇਰੋਂ ਦੁਗਲਵਾਲਾ ਸਹਾਬਪੁਰ ਤੇ ਪਿੰਦੀ ਪਿੰਡ ਵੱਲੋਂ ਪਿਛਲੇ ਤਿੰਨ ਦਿਨਾਂ ਤੋਂ ਪਿੰਦੀ 'ਚ ਚੱਲ ਰਹੀਆਂ ਫਾਲਟ ਆ ਦੀ ਸਮੱਸਿਆ ਤੇ ਰਸੂਲਪੁਰ ਫੀਡਰ ਜੋ ਫੋਕਲ ਪੁਆਇੰਟ ਤਰਨ ਤਾਰਨ ਤੋਂ ਚਲਦਾ ਹੈ ਉਸ ਵਿਚ ਪਿਛਲੇ 4 ਦਿਨਾ ਤੋਂ ਫਾਲਟ ਕਾਰਨ ਸਬ ਡਵੀਜਨ ਫੋਕਲ ਪੁਆਇੰਟ 'ਤੇ ਧਰਨਾ ਲਗਾਉਣਾ ਪਿਆ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ, ਬੀਬੀ ਦਵਿੰਦਰ ਕੌਰ ਪਿੰਦੀ, ਬਲਦੀਸ਼ ਹੋਰ ਪਿੰਦੀ, ਸੁਖਵੰਤ ਕੌਰ ਪਿੰਦੀ, ਸ਼ਰਨਪ੍ਰੀਤ ਕੌਰ, ਪਰਮਜੀਤ ਕੌਰ ਤੇ ਸੁਖਵਿੰਦਰ ਕੌਰ ਸਹਾਬਪੁਰ ਨੇ ਕਿਹਾ ਕਿ 8 ਜੂਨ ਨੂੰ ਸਾਰੇ ਪੰਜਾਬ ਦੇ 15 ਜਿਲ੍ਹਿਆਂ ਵਿੱਚ ਹਰ ਸਬ ਡਵੀਜਨ ਦੇ ਅੱਗੇ ਇੱਕ ਰੋਜਾ ਧਰਨਿਆਂ 'ਚ ਬਿਜਲੀ ਸੰਬੰਧੀ ਸਹਾਇਤਾ ਦੀ ਅਰਜੀਆਂ ਤੇ ਸਰਕਾਰਾ ਸੰਬੰਧੀ ਕੰਮਾਂ ਦੇ ਮੰਗ ਪੱਤਰ ਐਸ ਡੀ ਓ ਸਾਹਿਬਾਨਾ ਨੂੰ ਦਿੱਤੇ ਗਏ ਸਨ, ਪਰ ਪਾਵਰਕਾਮ ਨੇ ਇਹਨਾਂ ਮੰਗ ਪੱਤਰ ਰਾਹੀਂ ਆਈਆਂ ਸ਼ਿਕਾਇਤਾਂ ਦਾ ਕੋਈ ਵੀ ਹੱਲ ਨਹੀਂ ਕੀਤਾ ਜਿਸ ਕਾਰਨ ਝੋਨੇ ਦੇ ਸੀਜਨ ਦੇ ਵਿੱਚ ਹਰ ਰੋਜ ਵੱਡੀ ਪੱਧਰ 'ਤੇ ਫੀਡਰਾਂ ਵਿੱਚ ਫਾਲਟ ਪੈ ਰਹੇ ਹਨ ਤੇ ਲਗਾਤਾਰ ਦੋ ਦੋ ਦਿਨ ਤੋਂ ਘਰੇਲੂ ਫੀਡਰਾਂ ਦੀ ਬਿਜਲੀ ਨਹੀਂ ਆ ਰਹੀ ਤੇ 4-4 ਦਿਨ ਤੋਂ ਫੀਡਰਾਂ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਲਗਾਤਾਰ 4 ਦਿਨਾ ਤੋਂ ਬਿਜਲੀ ਸਪਲਾਈ ਬੰਦ ਸੀ ਜੋ ਅੱਜ ਧਰਨਾ ਲੱਗਣ ਤੋਂ ਬਾਅਦ ਬਹਾਲ ਹੋਈ, ਕਿਸਾਨ ਮਜਦੂਰ ਤੇ ਬੀਬੀਆਂ ਦੇ ਧਰਨੇ ਕਾਰਨ ਪਾਵਰਕਾਮ ਸਬ ਅਰਬਨ ਦੇ ਐਕਸੀਅਨ ਹਰਦੀਪ ਸਿੰਘ ਸੇਖੋਂ ਨੇ ਮੌਕੇ 'ਤੇ ਆ ਕੇ ਕਿਸਾਨ ਆਗੂਆਂ ਨਾਲ ਗੱਲਬਾਤ

ਕੀਤੀ ਤੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਐਸ, ਡੀ ਓ ਫੋਕਲ ਪੁਆਇੰਟ ਦੇ ਈਜ਼ ਤੇ ਹੋਰ ਸਾਰੇ ਅਧਿਕਾਰੀ ਨੂੰ ਬਿਜਲੀ ਸਪਲਾਈ ਵਿੱਚ ਕੋਈ ਵੀ ਢਿੱਲ ਮੱਠ ਬਰਦਾਸਤ ਨਾ ਕਰਨ ਦੇ ਸਖਤ ਨਿਰਦੇਸ਼ ਦਿੱਤੇ। ਇਸ ਮੌਕੇ ਸੂਬਾ ਆਗੂ ਫਾਤਿਹ ਸਿੰਘ ਪਿੰਦੀ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁੱਗਲਵਾਲਾ, ਜ਼ੋਨ ਸਕੱਤਰ ਬਲਜਿੰਦਰ ਸਿੰਘ ਸੇਰੋਂ, ਸੁਖਦੇਵ ਸਿੰਘ ਸਹਾਬਪੁਰ, ਨਿਸ਼ਾਨ ਸਿੰਘ ਸਹਾਬਪੁਰ, ਕੁਲਦੀਪ ਸਿੰਘ ਬੰਗਾਲੀਪੁਰ, ਸਰਮੱਖ ਸਿੰਘ ਸੇਰੋਂ, ਅਮਨਦੀਪ ਸਿੰਘ ਸੇਰੋਂ, ਫਾਤਿਹ ਸਿੰਘ ਪੰਨੂ ਪਿੰਦੀ, ਨਿਰਮਲ ਸਿੰਘ ਪਿੰਦੀ ਤੇ ਹੋਰ ਸੈਂਕੜੇ ਕਿਸਾਨ ਮਜ਼ਦੂਰ ਤੇ ਬੀਬੀਆਂ ਹਾਜ਼ਰ ਸਨ।

ਅੱਤ ਦੀ ਗਰਮੀ ਨੇ ਲੋਕਾਂ ਦਾ ਜਿਊਣਾ ਕੀਤਾ ਮੁਹਾਲ

ਗੁਰਦਾਸਪੁਰ, (ਜਨਕ ਮਹਾਜਨ)- ਉਤਰੀ ਭਾਰਤ ਵਿੱਚ ਅੱਤ ਦੀ ਗਰਮੀ ਪੈਣ ਕਾਰਨ ਲੋਕ ਕਾਫ਼ੀ ਪ੍ਰੇਸ਼ਾਨ ਹਨ, ਕਿਉਂਕਿ ਧੁੱਪ ਕਾਰਨ ਬਿਮਾਰ ਬਜ਼ੁਰਗ ਅਤੇ ਬੱਚਿਆਂ ਦਾ ਜਿਊਣਾ ਦੁਭਰ ਹੋਇਆ ਪਿਆ ਹੈ, ਜਦੋਂ ਇਸ ਪ੍ਰਤੀਨਿਧ ਨੇ ਲੋਕਾਂ ਨਾਲ ਗਰਮੀ ਸੰਬੰਧੀ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਭਾਵੇਂ ਮੌਸਮ ਛੋਟੇ ਮੀਂਹ ਨਾਲ ਠੰਢਾ ਦੇਖਣ ਨੂੰ ਮਿਲਦਾ ਹੈ ਅਤੇ ਬਾਅਦ ਵਿਚ ਗਰਮੀ ਨਾਲ ਲੋਕਾਂ ਦਾ ਬੁਰਾ ਹਾਲ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਗਰਮੀ ਨਾਲ ਕਈ ਲੋਕ ਮੌਤ ਦੇ ਮੂੰਹ ਵੀ ਜਾ ਰਹੇ ਹਨ ਅਤੇ ਇਸ ਸੰਬੰਧੀ ਡਾਕਟਰ ਰੋਜ਼ਾਨਾਂ ਲੋਕਾਂ ਨੂੰ ਜਾਗਰੂਕ ਕਰਨ ਲਈ ਬਿਆਨਬਾਜ਼ੀ ਵੀ ਕਰਦੇ ਹਨ ਕਿ ਧੁੱਪ ਵਿਚ ਘਰੋਂ ਬਾਹਰ ਨਾ ਨਿਕਲੋ ਪਰ ਫਿਰ ਵੀ ਆਪਣੇ ਨਿੱਜੀ ਕੰਮਾਂ ਕਰਕੇ ਅੱਤ ਦੀ ਗਰਮੀ ਵਿਚ ਬਾਹਰ ਆਉਂਦੇ ਹਨ। ਉਨ੍ਹਾਂ ਵਲੋਂ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਗਰਮੀ ਤੋਂ ਬਚਣ ਲਈ ਠੰਢੀਆ ਚੀਜ਼ਾਂ ਦਾ ਇਸਤੇਮਾਲ ਕਰੋ ਅਤੇ ਘਰੋਂ ਨਿਕਲਣ ਸਮੇਂ ਮੂੰਹ ਢੱਕ ਕੇ ਰੱਖੋ। ਉਨ੍ਹਾਂ ਇਹ ਵੀ ਦੱਸਿਆ ਕਿ ਕਈ ਵਾਰ ਕਸਬਿਆਂ ਅਤੇ ਸ਼ਹਿਰਾਂ ਵਿਚ ਬਿਜਲੀ ਦੇ ਛੋਟੇ-ਮੋਟੇ ਕੱਟ ਲੱਗਣ ਨਾਲ ਲੋਕਾਂ ਦਾ ਘਰਾਂ ਅੰਦਰ ਰਹਿਣਾ ਵੀ ਮੁਸ਼ਕਿਲ ਹ�ो ਜਾਂਦਾ ਹੈ। ਜਦੋਂਕਿ ਨਹਿਰਾਂ ਵਿਚ ਨਹਾਉਣ ਲਈ ਪ੍ਰਸ਼ਾਸਨ ਨੇ ਪੂਰਨ ਤੌਰ 'ਤੇ ਪਾਬੰਦੀ ਵੀ ਲਗਾਈ ਹੋਈ ਹੈ ਉਸ ਬਾਵਜੂਦ ਵੀ ਗਰਮੀ ਤੋਂ ਰਾਹਤ ਲਈ ਨੌਜਵਾਨ ਨਹਿਰਾਂ ਅਤੇ ਰਜਵਾਹਿਆਂ ਵਿਚ ਨਹਾਉਣ ਲਈ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਜਾਂਦੇ ਹਨ ਜਿੱਥੇ ਕਈ ਵਾਰ ਨੁਕਸਾਨ ਵੀ ਕਰਵਾ ਬੈਠਦੇ ਹਨ। ਇਥੇ ਜਿਕਰਯੋਗ ਹੈ ਕਿ ਅੱਤ ਦੀ ਗਰਮੀ ਕਾਰਨ ਦੁਕਾਨਦਾਰ, ਰੇਹੜੀਆਂ ਤੋਂ ਇਲਾਵਾ ਹੋਰ ਕਾਰੋਬਾਰ ਕਰਨ ਵਾਲਿਆਂ ਦਾ ਜਿਥੇ ਕੰਮਕਾਜ਼ ਵੀ ਪ੍ਰਭਾਵਿਤ ਹੋ ਰਿਹਾ ਹੈ ਉਥੇ ਹੀ ਸਬਜੀਆਂ ਤੇ ਫਰੂਟ ਵਾਲੇ ਘਾਟਾ ਮਹਿਸੂਸ ਕਰ ਰਹੇ ਹਨ।

ਰਾਸ਼ਟਰੀ ਤਾਇਕਵਾਂਡੋ ਮੁਕਾਬਲੇ 'ਚ ਮਹਿਕ ਨੇ ਜਿੱਤਿਆ ਸੋਨੇ ਦਾ ਤਮਗਾ

ਮਜੀਠਾ (ਸੋਇਮ ਆਨੰਦ)

ਮਜੀਠਾ ਵਾਰਡ ਨੰਬਰ9 ਦੀ ਰਹਿੰਦੀ ਮਹਿਕ ਪੁੱਤਰੀ ਸਿਕੰਦਰ ਵੱਲੋਂ ਪਿਛਲੇ ਦਿਨੀਂ ਹਿਮਾਚਲ ਪ੍ਰਦੇਸ਼ 'ਚ ਹੋਈ

ਰਾਸ਼ਟਰੀ ਤਇਕਵਾਂਡੋ ਖੇਡ ਮੁਕਾਬਲੇ ਵਿੱਚ ਸੋਨੇ ਦਾ ਤਗਮਾ ਜਿੱਤਿਆ। ਸੋਨੇ ਦਾ ਤਗਮਾ ਜਿੱਤਣ ਤੋਂ ਬਾਅਦ ਉਸ ਦਾ ਆਪਣੇ ਜੱਦੀ ਘਰ ਮਜੀਠਾ ਵਿਖੇ ਪੁੱਜਣ 'ਤੇ ਪਰਵਾਰ ਸਮੇਤ ਸ਼ਹਿਰ ਵਾਸੀਆਂ ਨੇ ਫੁੱਲਾਂ ਦੇ ਹਾਰ ਪਾ ਕੇ ਉਸ ਦਾ ਭਰਵਾਂ ਸਵਾਗਤ ਕੀਤਾ। ਮਹਿਕ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ 'ਚ ਹੋਏ ਰਾਸ਼ਟਰੀ ਤਾਇਕਵਾਂਡੋ ਮੁਕਾਬਲੇ 'ਚ ਅੰਡਰ 17 ਸਾਲ ਉਮਰ ਵਰਗ ਦੀਆਂ ਕਰੀਬ 200 ਤੋਂ ਜਿਆਦਾ ਪ੍ਰਤੀਯੋਗੀਆਂ ਨੇ ਭਾਗ ਲਿਆ। ਜਿਸ ਵਿੱਚ ਜਿਲ੍ਹਾ ਅੰਮ੍ਰਿਤਸਰ ਤੋਂ ਸਿਰਫ ਦੋ ਹੀ ਉਮੀਦਵਾਰ ਸਨ। ਇਸ ਮੁਕਾਬਲੇ ਵਿੱਚ ਉਸ ਨੇ ਸਾਰੇ ਪ੍ਰਤੀਯੋਗੀਆਂ ਨੂੰ ਪਛਾੜਦੇ ਹੋਏ ਜਿੱਤ ਹਾਸਲ ਕੀਤੀ ਅਤੇ ਸੋਨੇ ਦਾ ਤਗਮਾ ਪ੍ਰਾਪਤ ਕੀਤਾ। ਮਹਿਕ ਨੇ ਦੱਸਿਆ ਕਿ ਉਹ ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਜੀਠਾ ਦੀ ਗਿਆਰ੍ਹਵੀ ਕਲਾਸ ਦੀ ਵਿਦਿਆਰਥਣ ਹੈ ਅਤੇ ਸਕੂਲ ਪ੍ਰਿੰਸੀਪਲ ਮੋਨਾਂ ਕੌਰ ਦੀ ਪ੍ਰੇਰਨਾ ਸਦਕਾ ਉਸ ਨੇ ਅੱਜ ਇਹ ਸੋਨੇ ਦਾ ਤਗਮਾ ਜਿੱਤਿਆ ਹੈ। ਇਸ ਤੋਂ ਪਹਿਲਾਂ ਉਸ ਨੇ ਜਿਲ੍ਹਾ ਪੱਧਰ 'ਤੇ ਚਾਂਦੀ ਦਾ ਤਗਮਾ ਅਤੇ ਰਾਜ ਪੱਧਰੀ ਲੁਧਿਆਣਾ ਵਿਖੇ ਹੋਏ ਮੁਕਾਬਲੇ ਵਿੱਚ ਸੋਨੇ ਦਾ ਤਗਮਾ ਜਿੱਤਿਆ ਸੀ। ਇਸ ਮੌਕੇ ਲੜਕੀ ਦੇ ਪਿਤਾ ਸਿਕੰਦਰ, ਦਾਦਾ ਜੰਗ ਬਹਾਦਰ, ਬਾਵਾ ਲਾਲ ਮੰਦਰ ਕਮੇਟੀ ਪ੍ਰਧਾਨ ਨਰਿੰਦਰ ਕੁਮਾਰ, ਮਜੀਠਾ ਵਾਰਡ ਇੰਚਾਰਜ ਅਜੈ ਕੁਮਾਰ ਚੋਪੜਾ, ਰਾਜਿੰਦਰ ਕੁਮਾਰ, ਸਾਹਿਲ ਨਈਅਰ ਸਮੇਤ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਮੌਜੂਦ ਸਨ।

ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਸਮੇਤ 2 ਕਾਬੂ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)

ਸਤਿੰਦਰ ਸਿੰਘ ਆਈ ਪੀ ਐਸ ਸੀਨੀਅਰ ਪੁਲਸ ਕਪਤਾਨ ਅੰਮ੍ਰਿਤਸਰ ਦਿਹਾਤੀ ਵੱਲੋਂ ਸਮੁੱਚੀ ਅੰਮ੍ਰਿਤਸਰ ਦਿਹਾਤੀ ਪੁਲਿਸ ਨੂੰ ਸਖ਼ਤ ਹਦਾਇਤਾਂ ਜਾਰੀ ਸਨ ਕਿ ਨਸ਼ਾ ਤਸਕਰਾ ਵਿਰੁੱਧ ਸਖ਼ਤ ਤੋਂ ਸਖ਼ਤ ਕਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ ਜਿਸ ਤੇ ਉਕਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਵਿੱਢੀ ਮੁਹਿੰਮ ਤਹਿਤ ਥਾਣਾ ਤਰਸਿੱਕਾ ਦੀ ਪੁਲਸ ਪਾਰਟੀ ਨੂੰ ਉਸ ਵੇਲੇ ਸਫਲਤਾ ਹਾਸਲ ਹੋਈ ਜਦੋਂ ਥਾਣਾ ਤਰਸਿੱਕਾ ਦੀ ਪੁਲਸ ਪਾਰਟੀ ਵੱਲੋਂ ਪਿੰਡ ਖੁਜਾਲਾ ਤੋਂ 2 ਵਿਅਕਤੀਆਂ ਨੂੰ ਹੈਰੋਇਨ ਅਤੇ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਥਾਣਾ ਤਰਸਿੱਕਾ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਸਮੇਂ ਕੁਲਦੀਪ ਸਿੰਘ ਪੀ ਪੀ ਐਸ ਡੀ.ਐਸ.ਪੀ ਜੰਡਿਆਲਾ, ਐਸ ਆਈ ਅਵਤਾਰ ਸਿੰਘ ਥਾਣਾ ਮੁਖੀ ਤਰਸਿੱਕਾ, ਏ ਐਸ ਆਈ ਬਲਜੀਤ ਸਿੰਘ, ਏ ਐਸ ਆਈ ਬਖਸ਼ੀਸ਼ ਸਿੰਘ, ਏ ਐਸ ਆਈ ਸਰਬਜੀਤ ਸਿੰਘ, ਏ ਐਸ ਆਈ ਰਣਜੀਤ ਸਿੰਘ, ਹੌਲਦਾਰ ਜਤਿੰਦਰ ਸਿੰਘ, ਹਰਜੀਤ ਸਿੰਘ,

ਖੁਜਾਲਾ (ਕੁਹਾਲਾ) ਜਿਲ੍ਹਾ ਅੰਮ੍ਰਿਤਸਰ ਨੂੰ 8 ਗ੍ਰਾਮ ਹੈਰੋਇਨ ਸਮੇਤ ਅਤੇ ਰਣਜੀਤ ਸਿੰਘ ਉਰਫ ਬੰਗਲਾ ਉਰਫ ਸੋਨੂੰ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਖੁਜਾਲਾ (ਕੁਹਾਲਾ) ਜਿਲ੍ਹਾ ਅੰਮ੍ਰਿਤਸਰ ਨੂੰ 225 ਨਸ਼ੀਲੀਆਂ ਗੋਲੀਆਂ ਸਮੇਤ 14590 ਰੁਪਏ ਡਰੱਗਜ ਮਨੀ ਸਮੇਤ ਕਾਬੂ ਕੀਤਾ ਹੈ। ਮੁਲਜ਼ਮਾਂ ਖ਼ਿਲਾਫ਼ ਐਨ ਡੀ ਐਸ ਐਕਟ ਦੀਆਂ ਧਰਾਵਾਂ ਤਹਿਤ ਵੱਖ ਵੱਖ ਮੁਕਦਮਾ ਦਰਜ ਕਰਕੇ ਉਕਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਸਾਲਾਨਾ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸ਼ੁਰੂ

ਫਿਲੌਰ (ਨਿਰਮਲ)- ਦਰਬਾਰ ਬਾਬਾ ਹਜਰਤ ਸੇਖ ਦਾਤਾ ਹਾਫਿਜ ਸਦੀਕ ਗਨੀ ਬਾਬਾ ਝੰਡੀਪੀਰ ਤਹਿਸੀਲ ਫਿਲੌਰ (ਜਲੰਧਰ) ਵਿਖੇ ਸਾਲਾਨਾ ਤਿੰਨ ਦਿਨਾਂ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਸਮੂਹ ਨਗਰ ਨਿਵਾਸੀਆਂ 'ਤੇ ਸੰਗਤਾਂ ਦੇ ਸਹਿਯੋਗ ਨਾਲ ਸ਼ਾਨੋ ਸ਼ੌਕਤ ਸ਼ੁਰੂ ਕਰਵਾਇਆ। 21 ਜੂਨ ਨੂੰ ਅਸ਼ੋਕ ਕੁਮਾਰ ਭਲਵਾਨ ਥਾਣੇਦਾਰ ਵੱਲੋਂ ਆਪਣੇ ਬੇਟੇ ਗੌਰਵ ਦੇ ਵਿਦੇਸ਼ ਜਾਣ ਦੀ

ਨਵਾਂ ਜ਼ਮਾਨਾ
ਸ਼ੁੱਕਰਵਾਰ, 23 ਜੂਨ 2023

ਦਾਅਵਾ ਤੇ ਹਕੀਕਤ

ਦੇਸ਼ ਲੋਕ ਸਭਾ ਚੋਣਾਂ ਦੇ ਆਖਰੀ ਸਾਲ ਵਿਚ ਦਾਖਲ ਹੋ ਚੁੱਕਾ ਹੈ। ਭਾਜਪਾ ਪੋਸਟਰਾਂ ਨੂੰ ਟਵੀਟ ਕਰਕੇ ਪ੍ਰਚਾਰ ਕਰ ਰਹੀ ਹੈ ਕਿ ਮੋਦੀ ਸਰਕਾਰ ਨੇ 9 ਸਾਲਾਂ ਵਿਚ 9 ਲੱਖ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਜੇ ਇਹ ਸੱਚ ਹੈ ਤਾਂ ਮੋਦੀ ਸਰਕਾਰ ਸੰਸਦ ਵਿਚ ਸਹੀ ਅੰਕੜੇ ਕਿਉਂ ਨਹੀਂ ਪੇਸ਼ ਕਰਦੀ। ਰਾਜ ਸਭਾ ਵਿਚ ਪ੍ਰਧਾਨ ਮੰਤਰੀ ਨੂੰ ਲਿਖਤੀ ਸਵਾਲ ਕੀਤਾ ਗਿਆ ਸੀ ਕਿ ਵੱਖ-ਵੱਖ ਕੇਂਦਰੀ ਵਿਭਾਗਾਂ ਵਿਚ ਕਿੰਨੀਆਂ ਅਸਾਮੀਆਂ ਖਾਲੀ ਹਨ ਤੇ ਪਿਛਲੇ ਪੰਜ ਸਾਲਾਂ ਵਿਚ ਕਿੰਨੀਆਂ ਭਰੀਆਂ ਗਈਆਂ। ਇਸ ਦੇ ਲਿਖਤੀ ਜਵਾਬ ਵਿਚ ਅਮਲਾ ਰਾਜ ਮੰਤਰੀ ਡਾ. ਜਤਿੰਦਰ ਸਿੰਘ ਨੇ 23 ਮਾਰਚ 2023 ਨੂੰ ਕੋਈ ਅੰਕੜਾ ਨਹੀਂ ਦਿੱਤਾ। ਉਨ੍ਹਾ ਸਿਰਫ ਇਹ ਹੀ ਦੱਸਿਆ ਕਿ ਵੱਖ-ਵੱਖ ਏਜੰਸੀਆਂ (ਯੂ ਪੀ ਐੱਸ ਸੀ ਤੇ ਐੱਸ ਐੱਸ ਸੀ ਆਦਿ) ਵੱਲੋਂ ਭਰਤੀਆਂ ਕੀਤੀਆਂ ਜਾ ਰਹੀਆਂ ਹਨ। ਸਾਰੇ ਵਿਭਾਗ, ਮੰਤਰਾਲੇ ਤੇ ਏਜੰਸੀਆਂ ਭਰਤੀ ਕਰਨ ਵਿਚ ਲੱਗੀਆਂ ਹੋਈਆਂ ਹਨ। ਜੂਨ 2022 ਵਿਚ ਪ੍ਰਧਾਨ ਮੰਤਰੀ ਨੇ ਵਾਅਦਾ ਕੀਤਾ ਸੀ ਕਿ 2023 ਦੇ ਅੰਤ ਤੱਕ 10 ਲੱਖ ਨੌਕਰੀਆਂ ਦਿੱਤੀਆਂ ਜਾਣਗੀਆਂ। ਇਸ ਬਾਰੇ ਰਾਜ ਸਭਾ ਵਿਚ ਲਿਖਤੀ ਸਵਾਲ ਕੀਤਾ ਗਿਆ ਕਿ ਰੁਜ਼ਗਾਰ ਮੇਲਿਆਂ ਵਿਚ ਕਿੰਨੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ? ਨਿਯੁਕਤੀਆਂ ਲਈ ਕਦੋਂ ਵਿਗਿਆਪਨ ਕੱਢੇ ਗਏ ਤੇ ਸਾਰੀ ਪ੍ਰਕਿਰਿਆ ਬਾਰੇ ਦੱਸਿਆ ਜਾਵੇ? ਡਾ. ਜਤਿੰਦਰ ਸਿੰਘ ਨੇ 16 ਮਾਰਚ 2023 ਨੂੰ ਦੱਸਿਆ ਕਿ ਭਰਤੀ ਦੀ ਪ੍ਰਕਿਰਿਆ ਵੱਖ-ਵੱਖ ਏਜੰਸੀਆਂ ਚਲਾਉਂਦੀਆਂ ਹਨ ਤੇ ਵੇਰਵੇ ਵੀ ਉਨ੍ਹਾਂ ਕੋਲ ਹੁੰਦੇ ਹਨ। ਸਰਕਾਰ ਪੋਸਟਰਾਂ ਵਿਚ 23 ਲੱਖ ਪ੍ਰਤੱਖ ਤੇ ਅਪ੍ਰਤੱਖ ਅਤੇ 9 ਲੱਖ ਸਰਕਾਰੀ ਨੌਕਰੀਆਂ ਦੇਣ ਦਾ ਦਾਅਵਾ ਕਰਦੀ ਹੈ, ਪਰ ਸੰਸਦ ਵਿਚ ਕੋਈ ਵੇਰਵਾ ਪੇਸ਼ ਨਹੀਂ ਕਰਦੀ। ਮੰਤਰੀ ਤੇ ਆਗੂ ਪੋਸਟਰਾਂ ਰਾਹੀਂ ਜਾਂ ਬਿਆਨਬਾਜ਼ੀ ਕਰਕੇ ਜੋ ਮਰਜ਼ੀ ਦਾਅਵੇ ਕਰਨ, ਪਰ ਅੰਕੜੇ ਸਾਰੀ ਕਹਾਣੀ ਬਿਆਨ ਕਰ ਦਿੰਦੇ ਹਨ। ਡਾ. ਜਤਿੰਦਰ ਸਿੰਘ ਨੇ ਸੰਸਦ ਵਿਚ ਹਮੇਸ਼ਾ ਗੋਲ-ਮੋਲ ਜਵਾਬ ਦਿੱਤੇ ਹਨ, ਪਰ 2 ਫਰਵਰੀ 2023 ਦਾ ਇਕ ਜਵਾਬ ਹਕੀਕਤ ਉਜਾਗਰ ਕਰ ਦਿੰਦਾ ਹੈ। ਉਨ੍ਹਾ ਲਿਖਤੀ ਸਵਾਲ ਦੇ ਜਵਾਬ ਵਿਚ ਦੱਸਿਆ ਸੀ ਕਿ 78 ਕੇਂਦਰੀ ਵਿਭਾਗਾਂ ਤੇ ਮੰਤਰਾਲਿਆਂ ਵਿਚ 9 ਲੱਖ 79 ਹਜ਼ਾਰ 327 ਅਸਾਮੀਆਂ ਖਾਲੀ ਹਨ। ਇਕ ਤਰ੍ਹਾਂ ਨਾਲ ਲਗਭਗ 10 ਲੱਖ ਅਸਾਮੀਆਂ ਖਾਲੀ ਹਨ। ਰੇਲਵੇ ਵਿਚ 2 ਲੱਖ 93 ਹਜ਼ਾਰ 243, ਡਿਫੈਂਸ (ਸਿਵਲ) ਵਿਚ 2 ਲੱਖ 64 ਹਜ਼ਾਰ 706, ਗ੍ਰਹਿ ਮੰਤਰਾਲੇ ਵਿਚ ਇਕ ਲੱਖ 43 ਹਜ਼ਾਰ 356, ਡਾਕ ਵਿਭਾਗ ਵਿਚ 90 ਹਜ਼ਾਰ 050, ਰੈਵੇਨਿਊ ਵਿਭਾਗ ਵਿਚ 80 ਹਜ਼ਾਰ 243 ਅਤੇ ਆਡਿਟ ਤੇ ਅਕਾਊਂਟ ਵਿਭਾਗ ਵਿਚ 25 ਹਜ਼ਾਰ 934 ਅਸਾਮੀਆਂ ਖਾਲੀ ਹਨ।

ਬੇਰੁਜ਼ਗਾਰੀ ਦੇ ਮੁੱਦੇ 'ਤੇ ਕੰਮ ਕਰਨ ਵਾਲੀ ਜਥੇਬੰਦੀ 'ਯੁਵਾ ਹੱਲਾ ਬੋਲ' ਦੇ ਕਾਰਜਕਾਰੀ ਪ੍ਰਧਾਨ ਗੋਵਿੰਦ ਮਿਸ਼ਰਾ ਮੁਤਾਬਕ 2019 ਵਿਚ ਸਰਕਾਰੀ ਅੰਕੜੇ ਸਨ ਕਿ ਦੇਸ਼ ਵਿਚ ਲਗਭਗ 24 ਲੱਖ ਅਸਾਮੀਆਂ ਖਾਲੀ ਹਨ, ਜਦਕਿ ਉਨ੍ਹਾ ਦਾ ਅਨੁਮਾਨ ਹੈ ਕਿ ਕੇਂਦਰ ਤੇ ਰਾਜਾਂ ਵਿਚ ਲਗਭਗ ਇਕ ਕਰੋੜ ਅਸਾਮੀਆਂ ਖਾਲੀ ਹਨ। ਯੂ ਪੀ ਵਿਚ ਹੀ ਸਿੱਖਿਆ ਤੇ ਪੁਲਸ ਵਿਭਾਗ ਵਿਚ ਲਗਭਗ 6 ਲੱਖ ਅਸਾਮੀਆਂ ਖਾਲੀ ਹਨ। ਭਾਜਪਾ 9 ਸਾਲ ਵਿਚ 9 ਲੱਖ ਨੌਕਰੀਆਂ ਦੇਣ ਦਾ ਦਾਅਵਾ ਕਰ ਰਹੀ ਹੈ। ਹੋ ਸਕਦਾ ਹੈ ਕਿ 10 ਲੱਖ ਦਾ ਅੰਕੜਾ ਵੀ ਟਪਾ ਦੇਵੇ, ਕਿਉਂਕਿ ਅੰਕੜਿਆਂ ਦੇ ਮਾਮਲੇ ਵਿਚ ਉਸ ਨਾਲੋਂ ਵੱਡਾ ਜਾਦੂਗਰ ਕੌਣ ਹੈ?

ਸਰਬਉੱਚ ਕੌਣ ?

ਹਰਿਕ ਸਾਲ 'ਸਮੁੰਦਰੀ ਹਾਲ' ਅੰਦਰ,
ਮੈਂਬਰ ਸੱਦ ਬਹਾਵੇ ਉਹ ਕੌਣ ਹੋਇਆ ?
'ਗੋਡੀਂ ਹੱਥ' ਲਗਵਾਇ ਕੇ ਆਖ ਦੇਵੇ,
ਲਏ 'ਸਾਰੇ ਅਧਿਕਾਰ' ਉਹ ਕੌਣ ਹੋਇਆ ?
ਹੈ ਸੀ 'ਦਲ' ਜੋ ਕਿਰਤੀਆਂ, ਲਾਲੋਆਂ ਦਾ,
'ਭਾਗੋ' ਬੈਠਾ ਸਿਰ ਚੜ੍ਹ ਕੇ ਸੋ ਕੌਣ ਹੋਇਆ ?
ਜੋ 'ਨਕਾਰਿਆ' ਅਤੇ 'ਦੁਰਕਾਰਿਆ' ਵੀ,
ਬਣਿਆ ਬੈਠਾ 'ਭਰਦਾਨ ਜੀ' ਕੌਣ ਹੋਇਆ ?
ਤਖਤ ਸਾਹਿਬ ਸਿਰਮੌਰ ਵੀ ਬਖਸ਼ਿਆ ਨਾ,
'ਹੁਕਮਨਾਮੇ' ਕਢਵਾਏ ਉਹ ਕੌਣ ਹੋਇਆ ?
ਜਦ ਵੀ ਦਿਲ ਕਰੇ 'ਲਾਵੇ' ਤੇ 'ਲਾਹ' ਦੇਵੇ,
'ਸਰਬ-ਉੱਚ' ਫਿਰ ਦੱਸੋ ਜੀ ਕੌਣ ਹੋਇਆ ?

-ਤਰਲੋਚਨ ਸਿੰਘ ਦੁਪਾਲਪੁਰ, 001-408-915-1268

ਬਰੇਨ-ਡਰੇਨ, ਪੰਜਾਬ ਦੀ ਤਬਾਹੀ ਦਾ ਸੰਕੇਤ

ਮਨੀ (ਧਨ), ਬਰੇਨ (ਦਿਮਾਗ), ਪੰਜਾਬ ਵਿਚੋਂ ਡਰੇਨ (ਬਾਹਰ ਵਗਣਾ) ਹੁੰਦਾ ਜਾ ਰਿਹਾ ਹੈ। ਪਿਛਲੇ ਛੇ ਸਾਲਾਂ ਵਿੱਚ ਵਿਦੇਸ਼ ਜਾਣ ਦੀ ਹੋੜ/ਚਾਹਤ ਨੇ ਪੰਜਾਬ ਦੇ ਕਾਲਜਾਂ ਵਿਚੋਂ ਵਿੱਚ-ਵਿਚਾਲੇ ਪੜ੍ਹਾਈ ਛੱਡਣ ਵਾਲਿਆਂ ਦੀ ਗਿਣਤੀ 'ਚ 15 ਤੋਂ 40 ਫ਼ੀਸਦੀ ਤੱਕ ਵਾਧਾ ਕਰ ਦਿੱਤਾ ਹੈ।

ਪੰਜਾਬ ਦਾ ਛੋਟਾ ਸ਼ਹਿਰ ਲੈ ਲਓ ਜਾਂ ਵੱਡਾ, ਆਇਲਟਸ ਕੇਂਦਰਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਵਪਾਰਕ ਕੇਂਦਰਾਂ ਅੱਗੇ ਲੱਗੀਆਂ ਨੌਜਵਾਨਾਂ ਦੀਆਂ ਵੱਡੀਆਂ ਕਤਾਰਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ ਅਤੇ ਦਹਾਕਿਆਂ ਤੋਂ ਸਿੱਖਿਆ ਖੇਤਰ ਦੀ ਸੇਵਾ 'ਚ ਲੱਗੇ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਕਈ ਕਾਲਜ ਤਾਂ ਲਗਭਗ ਖਾਲੀ ਹੀ ਹੋ ਗਏ ਹਨ, ਬੀ.ਏ., ਬੀ.ਐੱਸ.ਸੀ., ਬੀ.ਕਾਮ. ਦੀਆਂ ਕਲਾਸਾਂ 'ਚ ਸੀਟਾਂ ਭਰਦੀਆਂ ਨਹੀਂ, ਸਿੱਟੇ ਵਜੋਂ ਮਾਸਟਰਜ਼ ਡਿਗਰੀ ਕੋਰਸ ਬੰਦ ਹੋ ਰਹੇ ਹਨ। ਬਹੁਤੀਆਂ ਬੈਚਲਰ ਕਲਾਸਾਂ 'ਚ ਪਲੱਸ ਟੂ ਪਾਸ ਕਰਨ ਵਾਲੇ ਵਿਦਿਆਰਥੀ ਕਾਲਜਾਂ 'ਚ ਦਾਖ਼ਲ ਹੀ ਇਸ ਕਰਕੇ ਹੁੰਦੇ ਹਨ ਕਿ ਉਨ੍ਹਾਂ ਨੂੰ ਜਦੋਂ ਵਿਦੇਸ਼ ਦਾ ਵੀਜ਼ਾ ਮਿਲ ਗਿਆ, ਉਹ ਤੁਰੰਤ ਕਾਲਜ ਛੱਡ ਦੇਣਗੇ।

ਪੰਜਾਬ ਦੇ ਪ੍ਰੋਫੈਸ਼ਨਲ ਕਾਲਜਾਂ ਵਿਚੋਂ ਬਹੁਤੇ ਕਾਲਜ ਤਾਂ ਪਹਿਲਾਂ ਹੀ ਆਪਣੇ ਕਈ ਕੋਰਸ ਬੰਦ ਕਰੀ ਬੈਠੇ ਹਨ, ਕਿਉਂਕਿ ਘੱਟੋ-ਘੱਟ ਯੋਗਤਾ ਪੂਰੀ ਕਰਨ ਵਾਲੇ ਵਿਦਿਆਰਥੀ ਉਨ੍ਹਾਂ ਨੂੰ ਮਿਲਦੇ ਨਹੀਂ ਅਤੇ ਵੱਡੀ ਗਿਣਤੀ 'ਚ ਸੀਟਾਂ ਇਨ੍ਹਾਂ ਕੋਰਸਾਂ 'ਚ ਖਾਲੀ ਰਹਿੰਦੀਆਂ ਹਨ। ਪੰਜਾਬ ਦੀਆਂ ਕੁਝ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਤਾਂ ਇਸ ਕਰਕੇ ਚੱਲ ਰਹੀਆਂ ਹਨ ਕਿ ਦੇਸ਼ ਦੇ ਸੂਬਿਆਂ ਅਤੇ ਵਿਦੇਸ਼ਾਂ ਤੋਂ ਅੰਤਰਰਾਸ਼ਟਰੀ ਵਿਦਿਆਰਥੀ ਇਥੇ ਦਾਖ਼ਲਾ ਲੈਂਦੇ ਹਨ।

ਆਖ਼ਰ ਕਾਰਨ ਕੀ ਬਣਿਆ ਪੰਜਾਬ 'ਚੋਂ ਵਿਦੇਸ਼ ਵੱਲ ਨੌਜਵਾਨਾਂ ਦੇ ਪ੍ਰਵਾਸ ਦਾ ਅਤੇ ਉਹ ਵੀ ਬਹੁਤ ਵੱਡੀ ਗਿਣਤੀ 'ਚ:-

1. ਨੌਜਵਾਨਾਂ ਦਾ ਸਰਕਾਰੀ ਤੰਤਰ 'ਚ ਯਕੀਨ ਖ਼ਤਮ ਹੋ ਗਿਆ ਹੈ।

2. ਨੌਜਵਾਨਾਂ ਨੂੰ ਪੰਜਾਬ 'ਚ ਨੌਕਰੀਆਂ ਦੀ ਆਸ ਹੀ ਨਹੀਂ ਰਹੀ।

3. ਨਸ਼ਿਆਂ ਦੀ ਬਹੁਤਾਤ ਕਾਰਨ ਮਾਪੇ ਅਤੇ ਨੌਜਵਾਨ ਆਪ ਵੀ ਪ੍ਰਦੇਸ਼ਾਂ 'ਚ ਜਾ ਕੇ ਸੁਰੱਖਿਅਤ ਹੋਣਾ ਚਾਹੁੰਦੇ ਹਨ।

4. ਕਨੂੰਨ ਵਿਵਸਥਾ ਦੀ ਸਥਿਤੀ ਨੌਜਵਾਨਾਂ 'ਚ ਭੈਅ ਪੈਦਾ ਕਰ ਰਹੀ ਹੈ। ਗੈਂਗਸਟਰ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੇ ਹਨ ਅਤੇ ਸਿਆਸਤਦਾਨ ਉਨ੍ਹਾਂ ਨੂੰ ਸ਼ਹਿ ਦਿੰਦੇ ਹਨ। ਨੌਜਵਾਨ ਇਸ ਸਥਿਤੀ 'ਚ ਸੂਬੇ 'ਚ ਵਸਣਾ ਨਹੀਂ ਚਾਹੁੰਦੇ।

5. ਪੰਜਾਬੀਆਂ 'ਚ ਵਿਦੇਸ਼ ਵਸਣ ਦੀ ਹੋੜ ਲੱਗੀ ਹੋਈ ਹੈ, ਉਸ ਤੋਂ ਨੌਜਵਾਨ ਪ੍ਰਭਾਵਤ ਹੋ ਰਹੇ ਹਨ ਅਤੇ ਧੜਾਧੜ ਇਸ ਰਸਤੇ ਤੁਰ ਰਹੇ ਹਨ।

ਗੁਰਮੀਤ ਸਿੰਘ ਪਲਾਹੀ

ਵਿਦੇਸ਼ਾਂ 'ਚ ਕਾਲਜਾਂ/ਯੂਨੀਵਰਸਿਟੀਆਂ 'ਚ ਦਾਖ਼ਲਾ ਸੌਖਾ ਨਹੀਂ। ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀਆਂ ਫ਼ੀਸਾਂ ਵੀ ਲੱਖਾਂ ਵਿੱਚ ਹਨ ਅਤੇ ਸਥਾਨਕ ਵਿਦਿਆਰਥੀਆਂ ਦੀਆਂ ਫ਼ੀਸਾਂ ਨਾਲੋਂ ਕਈ ਗੁਣਾਂ ਜ਼ਿਆਦਾ। ਨੌਜਵਾਨਾਂ ਨੂੰ ਪਹਿਲਾਂ ਆਈਲਟਸ ਕੇਂਦਰਾਂ 'ਚ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ, ਫਿਰ ਏਜੰਟਾਂ ਹੱਥ ਆ ਕੇ ਇੰਮੀਗਰੇਸ਼ਨ ਕੰਪਨੀਆਂ ਦੀਆਂ ਸ਼ਰਤਾਂ ਉਤੇ ਯੂਨੀਵਰਸਿਟੀਆਂ, ਕਾਲਜਾਂ ਦੀਆਂ ਹਜ਼ਾਰਾਂ ਡਾਲਰ ਫੀਸ ਜਮ੍ਹਾਂ ਕਰਾਉਣੀ ਪੈਂਦੀ ਹੈ, ਜਿਸ ਵਿਚੋਂ ਮੋਟਾ ਕਮਿਸ਼ਨ ਇਨ੍ਹਾਂ ਏਜੰਟਾਂ ਦਾ ਹੁੰਦਾ ਹੈ। ਦੁਖਾਂਤ ਇਹ ਵੀ ਹੈ ਕਿ ਕਈ ਜਾਲ੍ਹੀ ਯੂਨੀਵਰਸਿਟੀਆਂ ਠੱਗ ਏਜੰਟਾਂ ਨਾਲ ਰਲਕੇ ਵਿਦਿਆਰਥੀਆਂ ਨਾਲ ਠੱਗੀ ਮਾਰਦੀਆਂ ਹਨ। ਮੌਜੂਦਾ ਸਮੇਂ ਇਹਨਾ ਠੱਗਾਂ ਦੇ ਸ਼ਿਕਾਰ ਹੋਏ 700 ਵਿਦਿਆਰਥੀ, ਕੈਨੇਡਾ ਤੋਂ ਡਿਪੋਰਟ ਹੋਣ ਦੇ ਡਰ 'ਚ ਬੈਠੇ ਹਨ। ਉਨ੍ਹਾਂ ਦਾ ਭਵਿੱਖ ਧੁੰਦਲਾ ਹੈ।

ਅਸਲ 'ਚ ਤਾਂ ਪੜ੍ਹਾਈ ਕਰਨ ਜਾਣ ਦੇ ਨਾਮ ਉਤੇ ਵਿਦਿਆਰਥੀ ਪੰਜਾਬ ਛਡਕੇ, ਕੈਨੇਡਾ, ਅਮਰੀਕਾ, ਨਿਊਜੀਲੈਂਡ, ਅਸਟਰੇਲੀਆ ਅਤੇ ਹੋਰ ਮੁਲਕਾਂ 'ਚ ਪੱਕਾ ਟਿਕਾਣਾ ਲੱਭਦੇ ਹਨ ਅਤੇ ਇਹਨਾ ਮੁਲਕਾਂ 'ਚ ਹੀ ਆਪਣਾ ਭਵਿੱਖ ਸੁਰੱਖਿਅਤ ਸਮਝਦੇ ਹਨ।

ਸਾਲ 2016 ਤੋਂ 2021 ਦਰਮਿਆਨ 4.78 ਲੱਖ ਪੰਜਾਬੀਆਂ ਨੇ ਪੰਜਾਬ ਛੱਡਿਆ, ਦੂਜੇ ਮੁਲਕਾਂ 'ਚ ਬਿਹਤਰ ਭਵਿੱਖ ਲਈ। ਇਸੇ ਸਮੇਂ 'ਚ 2.62 ਲੱਖ ਵਿਦਿਆਰਥੀ ਵੀ ਵਿਦੇਸ਼ਾਂ 'ਚ ਪੜ੍ਹਨ ਲਈ ਗਏ। ਪਿਛਲੇ 75 ਸਾਲਾਂ 'ਚ ਪੰਜਾਬ ਦੇ ਲੋਕਾਂ ਨੇ ਵੱਡੀ ਗਿਣਤੀ 'ਚ ਪ੍ਰਵਾਸ ਕੀਤਾ ਅਤੇ ਇਸ ਦਾ ਆਰੰਭ 1947-48 ਗਿਣਿਆ ਜਾਂਦਾ ਹੈ, ਪਰ 1960 'ਚ ਭਾਰੀ ਗਿਣਤੀ 'ਚ ਪੰਜਾਬੀ ਬਰਤਾਨੀਆ (ਯੂ ਕੇ) ਗਏ।

ਮੁਢਲੇ ਸਾਲਾਂ 'ਚ ਪੰਜਾਬੀਆਂ ਨੇ ਜਿਹੜੇ ਡਾਲਰ, ਪੌਂਡ, ਬਰਤਾਨੀਆ, ਕੈਨੇਡਾ, ਅਮਰੀਕਾ 'ਚ ਕਮਾਏ, ਉਸ ਦਾ ਵੱਡਾ ਹਿੱਸਾ ਪੰਜਾਬ ਭੇਜਿਆ। ਇਥੇ ਜ਼ਮੀਨਾਂ, ਜਾਇਦਾਦਾਂ ਖਰੀਦੀਆਂ, ਵੱਡੇ ਘਰ ਬਣਾਏ, ਪਰ ਜਿਉਂ-ਜਿਉਂ ਇਹਨਾਂ ਪੰਜਾਬੀਆਂ ਨੇ ਆਪਣੇ ਪਰਵਾਰ, ਆਪਣੀ ਜਨਮ ਭੂਮੀ ਤੋਂ ਕਰਮ ਭੂਮੀ ਵੱਲ ਸੱਦੇ, ਉਥੇ ਹੀ ਪਰਵਾਰਾਂ 'ਚ ਵਾਧਾ ਹੋਇਆ। ਉਥੇ ਹੀ ਉਹਨਾਂ ਦੀ ਔਲਾਦ ਨੇ ਸਿੱਖਿਆ ਪ੍ਰਾਪਤ ਕੀਤੀ ਅਤੇ ਅੱਜ ਸਥਿਤੀ ਇਹ ਹੈ ਕਿ ਇਹ ਪੰਜਾਬੀ ਆਪਣੀ ਜਨਮ ਭੂਮੀ ਵਾਲੀ ਜ਼ਮੀਨ, ਜਾਇਦਾਦ ਵੇਚ-ਵੱਟ ਕੇ ਆਪਣੀ ਕਰਮ ਭੂਮੀ ਵੱਲ ਲੈ ਜਾ ਰਹੇ ਹਨ, ਕਿਉਂਕਿ ਉਹਨਾਂ ਦੇ ਉਥੇ ਪੈਦਾ ਹੋਏ ਬੱਚੇ, ਇਧਰ ਪੰਜਾਬ ਵੱਲ ਮੁੜਨਾ ਹੀ ਨਹੀਂ ਚਾਹੁੰਦੇ। ਇੰਜ ਵੱਡਾ ਧਨ ਪੰਜਾਬ ਵਿਚੋਂ ਵਿਦੇਸ਼ ਜਾ ਰਿਹਾ ਹੈ। ਧਨ ਦਾ ਚਲਣ ਹੁਣ ਉੱਲਟ ਦਿਸ਼ਾ ਵੱਲ ਚੱਲਣ ਲੱਗਾ ਹੈ।

ਆਇਲਟਸ ਪਾਸ ਕਰਕੇ ਜਿਹੜੇ ਵਿਦਿਆਰਥੀ ਵਿਦੇਸ਼ ਜਾਂਦੇ ਹਨ, ਉਹਨਾਂ ਦੀਆਂ ਫ਼ੀਸਾਂ ਅਤੇ ਹੋਰ ਖ਼ਰਚੇ ਲਈ ਪ੍ਰਤੀ ਵਿਦਿਆਰਥੀ 20 ਤੋਂ 25 ਲੱਖ ਘੱਟੋ-ਘੱਟ ਖ਼ਰਚਾ ਪਰਵਾਰ ਨੂੰ ਚੁਕਣਾ ਪੈਂਦਾ ਹੈ, ਜੋ ਪੰਜਾਬ ਵਿੱਚ ਰੁਪਏ ਤੋਂ ਡਾਲਰਾਂ ਦੇ ਬਦਲਾਅ 'ਚ ਬਾਹਰ ਜਾਂਦਾ ਹੈ। ਇੰਜ ਵੱਡੀ ਰਾਸ਼ੀ ਹਰ ਵਰ੍ਹੇ ਵਿਦੇਸ਼ ਵੱਲ ਜਾ ਰਹੀ ਹੈ। ਵਿਦੇਸ਼ ਜਾਣ ਦਾ ਵਰਤਾਰਾ ਪਹਿਲਾਂ ਆਮ ਤੌਰ 'ਤੇ ਪੇਂਡੂ ਪੰਜਾਬ ਵਿੱਚ ਹੀ ਵੇਖਣ ਨੂੰ ਮਿਲਦਾ ਸੀ, ਪਰ ਹੁਣ ਸ਼ਹਿਰੀ ਨੌਜਵਾਨ ਵੀ ਵਿਦੇਸ਼ਾਂ ਵੱਲ ਚਾਲੇ ਪਾਉਣ ਲੱਗ ਪਏ ਹਨ। ਕਦੇ ਸਮਾਂ ਸੀ ਕਿ ਸਿਰਫ਼ ਨੌਜਵਾਨ ਮੁੰਡੇ ਹੀ ਵਿਦੇਸ਼ ਜਾਂਦੇ ਸਨ, ਪਰ ਹੁਣ ਵਿਦਿਆਰਥੀ ਦੇ ਰੂਪ 'ਚ ਖ਼ਾਸ ਕਰਕੇ ਵਿਦਿਆਰਥਣਾਂ ਆਇਲਟਸ ਪਾਸ ਕਰਕੇ ਵਿਦੇਸ਼ ਜਾਂਦੀਆਂ ਹਨ ਅਤੇ ਸਪਾਂਸਰ ਵਜੋਂ ਕਿਸੇ ਹੋਰ ਨੌਜਵਾਨ ਨੂੰ ਜੀਵਨ ਸਾਥੀ ਬਣਾ ਕੇ ਵੀ ਕਈ ਦੇਸ਼ਾਂ 'ਚ ਲੈ ਜਾਂਦੀਆਂ ਹਨ। ਇਹ ਇੱਕ ਅਜੀਬ ਗੋਰਖ ਧੰਦਾ ਅਤੇ ਵਪਾਰ ਬਣਿਆ ਹੋਇਆ ਹੈ।

ਨੌਜਵਾਨ ਮੁੰਡੇ, ਕੁੜੀਆਂ, ਜਿਹੜੇ ਪੜ੍ਹਨ 'ਚ ਹੁਸ਼ਿਆਰ ਹਨ, ਪੜ੍ਹਾਈ 'ਚ ਮੋਹਰੀ ਹਨ, ਜਿਨ੍ਹਾਂ ਮੈਡੀਕਲ ਕਾਲਜਾਂ, ਇੰਜੀਨੀਅਰਿੰਗ ਕਾਲਜਾਂ ਹੋਰ ਪ੍ਰੋਫੈਸ਼ਨਲ ਕਾਲਜਾਂ 'ਚ ਦਾਖਲੇ ਲੈ ਕੇ ਜਾਂ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਬੈਠ ਕੇ ਚੰਗੇ ਅਹੁਦੇ ਪ੍ਰਾਪਤ ਕਰਨੇ ਸਨ, ਉਹ ਵਿਦੇਸ ਦੀ ਧਰਤੀ ਵੱਲ 'ਹਰ ਕਿਸਮ' ਦੀ ਨੌਕਰੀ ਕਰਕੇ ਉਥੇ ਹੀ ਪੱਕੇ ਹੋਣ ਲਈ ਅੱਡੀ-ਚੋਟੀ ਦਾ ਜ਼ੋਰ ਲਾਉਂਦੇ ਹਨ। ਕਈ ਖੱਜਲ-ਖੁਆਰ ਹੁੰਦੇ ਹਨ, ਕਈ ਸਿਰੇ ਲੱਗ ਜਾਂਦੇ ਹਨ। ਇੰਜ ਆਖ਼ਰ ਕਿਉਂ ਹੋ ਰਿਹਾ ਹੈ? ਕੀ ਨੌਜਵਾਨਾਂ ਲਈ ਪੰਜਾਬ 'ਚ ਸਾਰੇ ਰਸਤੇ ਬੰਦ ਹਨ?

ਕੀ ਪੰਜਾਬ ਦੇ ਕਿਸੇ ਕੋਨੇ 'ਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਪੀ.ਸੀ.ਐੱਸ., ਆਈ.ਏ.ਐੱਸ., ਆਈ.ਪੀ.ਐੱਸ. ਜਾਂ ਹੋਰ ਪ੍ਰੀਖਿਆਵਾਂ ਲਈ ਕੋਈ ਕੋਚਿੰਗ ਸੈਂਟਰ ਵਿਖਾਈ ਦਿੰਦੇ ਹਨ? ਕੀ ਪੰਜਾਬ 'ਚ ਵੱਡੇ ਉਦਯੋਗ ਹਨ, ਜੋ ਨੌਜਵਾਨਾਂ ਨੂੰ ਰੁਜ਼ਗਾਰ ਦੇ ਸਕਣ?

ਪਰ ਉਲਟਾ ਹਰ ਥਾਂ ਪੰਜਾਬ ਨੂੰ ਨੌਜਵਾਨਾਂ ਤੋਂ ਸੱਖਣੇ ਕਰਨ ਲਈ ਆਇਲਟਸ ਕੇਂਦਰਾਂ ਦੀ ਭਰਮਾਰ ਦਿਖਦੀ ਹੈ। ਇਹ ਕੇਂਦਰ ਹਰ ਵਰ੍ਹੇ ਲੱਖਾਂ ਨਹੀਂ ਕਰੋੜਾਂ ਰੁਪਏ ਵਿਦਿਆਰਥੀਆਂ ਦੀਆਂ ਜੇਬਾਂ 'ਚੋਂ ਕੱਢਦੇ ਹਨ ਅਤੇ ਹਰ ਵਰ੍ਹੇ ਅਰਬਾਂ ਰੁਪਏ ਪੰਜਾਬ ਦੀ ਧਰਤੀ ਤੋਂ ਲੈ ਜਾਂਦੇ ਵਿਦੇਸ਼ੀ ਯੂਨੀਵਰਸਿਟੀ ਦੇ ਪੇਟੇ ਪਾਉਂਦੇ ਹਨ।

ਬ੍ਰਿਟਿਸ਼ ਹਾਈ ਕਮਿਸ਼ਨ ਯੂ ਕੇ ਨੇ ਇਕ ਖ਼ਬਰ/ਰਿਪੋਰਟ 'ਚ ਦੱਸਿਆ ਹੈ ਕਿ ਸਾਲ 2022 'ਚ 1,17,965 ਭਾਰਤੀ ਵਿਦਿਆਰਥੀਆਂ ਨੂੰ ਵੀਜ਼ੇ ਦਿੱਤੇ ਗਏ । ਇਹਨਾਂ ਵਿਚ 40 ਫੀਸਦੀ ਪੰਜਾਬ ਵਿਚੋਂ ਸਨ । ਇਕ ਹੋਰ ਛਪੀ ਰਿਪੋਰਟ ਹੈ ਕਿ ਪਿਛਲੇ ਸਾਲ 4.60 ਲੱਖ ਵਿਦਿਆਰਥੀ ਵੀਜ਼ੇ ਅਮਰੀਕਾ, ਬਰਤਾਨੀਆ, ਕੈਨੇਡਾ, ਆਸਟਰੇਲੀਆ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ, ਇਹਨਾਂ ਵਿਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਸੀ।

ਕੀ ਪ੍ਰਵਾਸ ਪੰਜਾਬੀਆਂ ਦਾ ਸੁਪਨਾ ਹੈ

ਕਾਤਰਾਂ

ਮੋਟਰਸਾਇਕਲ ਚੋਰੀ, ਸੀਸੀਟੀਵੀ ਕੈਮਰੇ 'ਚ ਕੈਦ

ਤਪਾ ਮੰਡੀ, (ਅਰੁਣ ਗੋਇਲ)-ਸਕੂਲ ਰੋਡ ਸਥਿਤ ਇੱਕ ਇਲੈਕਟ੍ਰੋਨਿਕਸ ਦੁਕਾਨ 'ਤੇ ਲੱਗੇ ਮੁਲਾਜ਼ਮ ਦਾ ਦਿਨ-ਦਿਹਾੜੇ ਮੋਟਰਸਾਇਕਲ ਚੋਰੀ ਹੋਣ ਦੀ ਘਟਨਾ ਸੀਸੀਟੀਵੀ ਕੈਮਰੇ 'ਚ ਕੈਦ ਹੋਣ ਬਾਰੇ ਪਤਾ ਲੱਗਾ ਹੈ। ਇਸ ਸੰਬੰਧੀ ਗੁਰਸਿਮਰਨ ਸਿੰਘ ਉਰਫ ਦੀਪੂ ਵਾਸੀ ਦਰਾਜ ਨੇ ਦੱਸਿਆ ਕਿ ਇੱਕ ਹਫ਼ਤਾ ਪਹਿਲਾਂ ਉਹ ਇੱਕ ਇਲੈਕਟ੍ਰਾਨਿਕਸ ਦੁਕਾਨ 'ਤੇ ਨੌਕਰੀ ਕਰਨ ਲੱਗਾ। ਪਿੰਡ ਦਰਾਜ ਤੋਂ ਮੋਟਰਸਾਇਕਲ ਆ ਕੇ ਖੜਾ ਕਰ ਦਿੱਤਾ, ਜਦ ਲਗਭਗ 12 ਵਜੇ ਜਦ ਮੋਟਰਸਾਇਕਲ 'ਤੇ ਕਿਸੇ ਪਾਸੇ ਜਾਣ ਲਈ ਗਿਆ ਤਾਂ ਗਾਇਬ ਸੀ। ਜਦ ਇਰਦ-ਗਿਰਦ ਲੱਗੇ ਸੀਸੀਟੀਵੀ ਕੈਮਰੇ ਖੰਘਾਲੇ ਤਾਂ ਪਤਾ ਲੱਗਾ ਕਿ 2 ਚੋਰਾਂ ਨੇ ਸਿਖਰ ਦੁਪਹਿਰ ਇਸ ਘਟਨਾ ਨੂੰ ਅੰਜਾਮ ਦੇ ਕੇ ਚੋਰੀ ਕੀਤਾ ਗਿਆ। ਮੁੜ ਦਿਨ-ਦਿਹਾੜੇ ਹੋਣ ਲੱਗੀਆਂ ਘਟਨਾਵਾਂ ਕਾਰਨ ਦੁਕਾਨਦਾਰਾਂ 'ਚ ਡਰ ਦਾ ਮਾਹੌਲ ਬਣ ਗਿਆ ਹੈ।

40 ਕਿਲੋ ਭੁੱਕੀ ਸਮੇਤ 2 ਕਾਬੂ

ਮਾਛੀਵਾੜਾ ਸਾਹਿਬ, (ਸ਼ੈਕੀ ਸ਼ਰਮਾ, ਜਗਦੀਸ਼ ਰਾਏ) ਪੁਲਸ ਵੱਲੋਂ 40 ਕਿਲੋ ਭੁੱਕੀ ਸਮੇਤ ਹਰਮੇਸ਼ ਕੁਮਾਰ ਵਾਸੀ ਹੇਡੋਂ ਬੇਟ ਅਤੇ ਗੁਰਪ੍ਰੀਤ ਸਿੰਘ ਵਾਸੀ ਗੜ੍ਹੀ ਸੈਣੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਡੀਐੱਸਪੀ ਮਨਦੀਪ ਕੌਰ ਨੇ ਦੱਸਿਆ ਕਿ ਸਬ-ਇਸਪੈਕਟਰ ਸੰਤੋਖ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਕਰ ਰਹੇ ਸਨ ਕਿ ਉਨ੍ਹਾਂ ਨੂੰ ਕਿਸੇ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਹਰਮੇਸ਼ ਕੁਮਾਰ ਅਤੇ ਗੁਰਪ੍ਰੀਤ ਸਿੰਘ ਜੋ ਕਿ ਭੁੱਕੀ ਚੂਰਾ ਪੋਸਤ ਵੇਚਣ ਦੇ ਆਦੀ ਹਨ ਤੇ ਅੱਜ ਵੀ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਸਮੇਤ ਕਾਬੂ ਆ ਸਕਦੇ ਹਨ। ਪੁਲਸ ਵਲੋਂ ਤੁਰੰਤ ਕਾਰਵਾਈ ਕਰਦਿਆਂ ਇਨ੍ਹਾਂ ਦੋਵੇਂ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਿਨ੍ਹਾਂ ਕੋਲੋਂ 40 ਕਿਲੋ ਭੁੱਕੀ ਬਰਾਮਦ ਹੋਈ। ਪੁਲਸ ਵੱਲੋਂ ਮਾਮਲਾ ਦਰਜ ਕਰਨ ਤੋਂ ਬਾਅਦ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਨਸ਼ੀਲੇ ਪਦਾਰਥ ਕਿੱਥੋਂ ਲਿਆਂਦੇ ਸਨ ਅਤੇ ਕਿੱਥੇ ਸਪਲਾਈ ਕਰਨੇ ਸਨ।

ਪਹਿਲਾ ਵਿਸ਼ਾਲ ਖੂਨਦਾਨ ਕੈਂਪ 25 ਨੂੰ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ) ਸਮਾਜ ਸੇਵੀ ਸੰਸਥਾ ਐਂਟੀ ਕੁਰੱਪਸ਼ਨ ਇੰਟਰਨੈਸ਼ਨਲ ਕੌਂਸਲ ਵੱਲੋਂ 25 ਜੂਨ ਨੂੰ ਵਿਸ਼ਾਲ ਖੂਨਦਾਨ ਕੈਂਪ ਲਾਇਆ ਜਾ ਰਿਹਾ ਹੈ। ਕੌਂਸਲ ਦੀ ਮੀਟਿੰਗ ਤੋਂ ਬਾਅਦ ਅਜੇ ਗੋਇਲ ਨੇ ਦੱਸਿਆ ਕਿ ਕੌਂਸਲ ਵੱਲੋਂ 25 ਜੂਨ ਨੂੰ ਐਸਐਸਡੀ ਕਮਿਊਨਿਟੀ ਸੈਂਟਰ (ਮੰਡੀ ਵਾਲੀ ਧਰਮਸ਼ਾਲਾ) ਗਿੱਦੜਬਾਹਾ ਵਿਖੇ ਪਹਿਲਾ ਖੂਨਦਾਨ ਕੈਂਪ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਲਾਇਆ ਜਾ ਰਿਹਾ ਹੈ। ਇਸ ਮੌਕੇ ਮੁਕੇਸ਼ ਗਰਗ, ਘਣਸ਼ਿਆਮ ਦਾਸ ਗੁਪਤਾ, ਜੈਅੰਤ ਜੈਨ, ਭਾਰਤ ਛਾਬੜਾ, ਕਰਨਕਾਂਤ ਮੋਗਾ ਤੇ ਕਮਲਜੀਤ ਸਿੰਘ ਆਦਿ ਵੀ ਮੌਜੂਦ ਸਨ।

ਮੁੱਖ ਮੰਤਰੀ ਦੀ ਫੇਰੀ ਦੇ ਮੱਦੇਨਜ਼ਰ ਰੋਸ ਪ੍ਰਦਰਸ਼ਨ

ਬੁਢਲਾਡਾ (ਅਸ਼ੋਕ ਲਾਕੜਾ) ਮੁੱਖ ਮੰਤਰੀ ਭਗਵੰਤ ਮਾਨ ਦੀ ਬੁਢਲਾਡਾ ਫੇਰੀ ਨੂੰ ਦੇਖਦਿਆਂ ਕਿਸਾਨ ਜਥੇਬੰਦੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਹਿਰ ਅੰਦਰ ਵੱਖ-ਵੱਖ ਥਾਂਵਾਂ 'ਤੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਬੀਕੇਯੂ ਉਗਰਾਹਾਂ ਵੱਲੋਂ ਫ਼ਸਲਾਂ ਦੇ ਮੁਆਵਜ਼ੇ ਸਬੰਧੀ ਜਿੱਥੇ ਗੁਰੂ ਨਾਨਕ ਕਾਲਜ ਨੇੜੇ ਪੁਲ ਹੇਠਾਂ ਧਰਨਾ ਲਾਇਆ ਹੋਇਆ ਹੈ, ਉੱਥੇ ਹੀ ਬੀਕੇਯੂ ਸਿੱਧੂਪੁਰ ਵੱਲੋਂ ਗੋਬਿੰਦਪੁਰਾ ਥਰਮਲ ਦੇ ਮਾਮਲੇ ਨੂੰ ਲੈ ਕੇ ਫੁੱਟਬਾਲ ਚੌਕ ਵਿੱਚ ਮੰਗ ਪੱਤਰ ਦੇਣ ਲਈ ਇਕੱਠ ਕੀਤਾ ਹੋਇਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਕੀਤੇ ਹੋਏ ਵਾਅਦੇ ਅਨੁਸਾਰ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਤੁਰੰਤ ਪੂਰਾ ਕਰੇ।

ਚੋਣਾਂ 'ਚ ਸਰਕਾਰ ਖਿਲਾਫ਼ ਭੁਗਤੇਗੀ ਪਾਵਰਕਾਮ ਦੀ ਪੈਨਸ਼ਨਰਜ਼ ਜਥੇਬੰਦੀ

ਸਮਰਾਲਾ, (ਸੁਰਜੀਤ ਸਿੰਘ) ਬਿਜਲੀ ਮਹਿਕਮੇ ਵਿੱਚ ਹੁਣ ਰੈਗੂਲਰ ਕੁਮਚਾਰੀਆਂ ਦੇ ਮੁਕਾਬਲੇ ਪੈਨਸ਼ਨਰਜ਼ ਦੀ ਨਫਰੀ ਵਧ ਕੇ ਇੱਕ ਲੱਖ ਦੇ ਕਰੀਬ ਪਹੁੰਚ ਗਈ ਹੈ। ਮਹਿਕਮੇ ਵਿੱਚ ਰੈਗੂਲਰ ਕੁਮਚਾਰੀਆਂ ਦੀ ਭਰਤੀ ਨਾ ਹੋਣ ਕਾਰਣ ਉਹ ਘੱਟ ਗਿਣਤੀ ਵਿਚ ਰਹਿ ਗਏ ਹਨ, ਜਿਸ ਨਾਲ ਮਹਿਕਮੇ ਦਾ ਕੰਮ ਬੁਰੀ ਤਰਾਂ ਪ੍ਰਭਾਵਤ ਹੋ ਰਿਹਾ ਹੈ। ਕੰਮ ਕਰਨ ਵਾਲੀ ਫੋਰਸ ਸੇਵਾਮੁਕਤ ਹੋ ਗਈ ਹੈ। ਇਨ੍ਹਾਂ ਸੇਵਾ ਮੁਕਤ ਕਾਮਿਆਂ ਨੇ ਹੁਣ ਆਪਣੇ ਹੱਕਾਂ ਦੀ ਰਾਖੀ ਲਈ ਇਕੱਠੇ ਹੋ ਕੇ ਆਪਣੀ ਵੱਖਰੀ ਜਥੇਬੰਦੀ ਬਣਾ ਲਈ ਹੈ। ਇਹ ਜਥੇਬੰਦੀ ਬੀਤੇ ਕਰੀਬ 15 ਸਾਲਾਂ ਤੋਂ ਕੰਮ ਕਰ ਰਹੀ ਹੈ, ਪਰ ਇਸ ਦਾ ਹਾਸਲ ਕੁੱਝ ਵੀ ਨਹੀਂ ਹੈ। ਆਪਣੀਆਂ ਮੰਗਾਂ ਦੀ ਪੂਰਤੀ ਲਈ ਜਦੋਂ ਇਹ ਸਰਕਾਰਾਂ ਨੂੰ ਦਬਕਾ ਮਾਰਦੇ ਹਨ ਤਾਂ ਉਹ ਇਨ੍ਹਾਂ ਨੂੰ ਬੁਲਾ ਕੇ ਮੀਟਿੰਗਾਂ ਤਾਂ ਦੇ ਦਿੰਦੇ ਹਨ, ਪਰ ਮੀਟਿੰਗ ਦਾ ਸਿੱਟਾ ਕੋਈ ਨਹੀਂ ਨਿਕਲਦਾ। ਹੁਣ ਤੱਕ ਦਰਜਨਾਂ ਹੀ ਮੀਟਿੰਗਾਂ ਹੋ ਚੁੱਕੀਆਂ ਹਨ। ਕਈ ਸਰਕਾਰਾਂ ਆਈਆਂ ਤੇ ਗਈਆਂ, ਪਰ ਕਿਸੇ ਨੇ ਵੀ ਇਨ੍ਹਾਂ ਨੂੰ ਪੱਲਾ ਨਹੀਂ ਫੜਾਇਆ। ਪਹਿਲਾਂ ਅਕਾਲੀ ਦਲ, ਫੇਰ ਕਾਂਗਰਸ ਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਹੈ। ਸਾਰੀਆਂ ਸਰਕਾਰਾਂ ਨਾਲ ਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਨਾਲ ਪੈਨਸ਼ਨਰਜ਼ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਮੀਟਿੰਗਾਂ ਕੀਤੀਆਂ, ਪਰ ਇੱਕ ਵੀ ਮੰਗ ਸਿਰੇ ਨਹੀਂ ਚੜ੍ਹੀ। ਪਿਛਲੀ ਕਾਂਗਰਸ ਦੀ ਸਰਕਾਰ ਵੇਲੇ ਪੈਨਸ਼ਨਰਾਂ ਨੇ ਚੋਣਾਂ ਵੇਲੇ ਧਮਕੀ ਦਿੱਤੀ ਕਿ ਉਹਨਾਂ ਦੀ ਨਫਰੀ ਇੱਕ ਲੱਖ ਦੇ ਕਰੀਬ ਹੈ ਅਤੇ ਉਨ੍ਹਾਂ ਨਾਲ ਉਨ੍ਹਾਂ ਦੇ ਪਰਵਾਰ ਵੀ ਹਨ। ਉਨ੍ਹਾਂ ਕਿਹਾ ਸੀ ਕਿ ਜਾਂ ਤਾਂ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਜਾਣ ਜਾਂ ਫੇਰ ਉਹ ਚੋਣਾਂ ਵਿੱਚ ਸਰਕਾਰ ਦੇ ਵਿਰੁੱਧ ਭੁਗਤਣਗੇ। ਕਾਂਗਰਸ ਸਰਕਾਰ ਨੇ ਉਨ੍ਹਾਂ ਦੀ ਧਮਕੀ ਨੂੰ ਗੰਭੀਰਤਾ ਨਾਲ ਨਹੀਂ ਲਿਆ। ਲਿਹਾਜ਼ਾ ਪੈਨਸ਼ਨਰਾਂ ਨੇ ਏਕਾ ਕਰਕੇ ਚੋਣਾਂ ਵਿੱਚ ਕਾਂਗਰਸ ਦਾ ਵਿਰੋਧ ਕੀਤਾ। ਪਿਛਲੇ ਲੰਮੇ ਸਮੇਂ ਤੋਂ ਪਾਵਰਕਾਮ ਦੀ ਮੈਨੇਜਮੈਂਟ ਸਾਹਮਣੇ ਲਗਭਗ ਹਰ ਵਾਰ ਉਹੀ ਏਜੰਡਾ ਪੇਸ਼ ਕੀਤਾ ਜਾਂਦਾ ਹੈ ਤੇ ਮੈਨੇਜਮੈਂਟ ਵੀ ਕਮੋਬੇਸ ਏਜੰਡੇ 'ਤੇ ਲਗਭਗ ਉਹੀ ਕਾਰਵਾਈ ਅਤੇ ਜਵਾਬ ਦਿੰਦੀ ਹੈ। ਯਾਨੀ ਪਿਛਲੇ 15 ਸਾਲਾਂ ਤੋਂ ਠਹਿਕਮ-ਠਹਿਕੀ ਦਾ ਸਿੱਟਾ ਉਹੀ ਸਾਹਮਣੇ ਆਉਂਦਾ ਹੈ। ਹਾਲੀਆ ਕੁੱਝ ਦਿਨ ਪਹਿਲਾਂ ਪੈਨਸ਼ਨਰਜ਼ ਐਸੋਸੀਏਸ਼ਨ ਨੇ ਗੁੱਸੇ ਵਿਚ ਆ ਕੇ ਅੰਮ੍ਰਿਤਸਰ ਵਿਖੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਰਿਹਾਇਸ਼ 'ਤੇ ਧਰਨਾ ਦਿੱਤਾ। ਇਸ ਧਰਨੇ ਤੋਂ ਬਾਅਦ ਪਾਵਰਕੌਮ ਦੀ ਮੈਨੇਜਮੈਂਟ ਨੇ ਕੁੱਝ ਦਿਨ ਪਹਿਲਾਂ ਮੀਟਿੰਗ ਤਾਂ ਦੇ ਦਿੱਤੀ, ਪਰ ਉਸ ਦਾ ਸੀਟਾ ਸਾਹਮਣੇ ਆਇਆ, ਉਸ ਵਿੱਚ ਕੱਢਣ ਪਾਉਣ ਨੂੰ ਕੁੱਝ ਨਹੀਂ ਸੀ। ਪੈਨਸ਼ਨਰ ਲੰਮੇ ਸਮੇਂ ਤੋਂ ਮੰਗ ਕਰ ਰਹੇ ਹਨ ਕਿ ਜੋ ਕੁਮਚਾਰੀ 31 ਦਸੰਬਰ 2015 ਤੋਂ ਪਹਿਲਾਂ ਰਿਟਾਇਰ ਹੋਏ ਹਨ, ਉਨ੍ਹਾਂ ਨੂੰ ਘੱਟੋ-ਘੱਟ 2.59 ਦਾ ਫੈਕਟਰ ਲਾ ਕੇ ਪੈਨਸ਼ਨ ਦਿੱਤੀ ਜਾਵੇ। ਕੈਸ਼ਲੈਸ ਮੈਡੀਕਲ ਸਕੀਮ ਜੋ ਪਹਿਲਾਂ ਚੱਲਦੀ ਸੀ, ਉਹ ਮੁੜ ਚਾਲੂ ਕੀਤੀ ਜਾਵੇ, ਰਿਟਾਇਰ ਹੋਏ ਬਿਜਲੀ ਮੁਲਾਮਾਂ ਨੂੰ ਬਿਜਲੀ ਖਪਤ ਵਿਚ ਰਿਆਇਤ ਦਿੱਤੀ ਜਾਵੇ। ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਮਰਾਲਾ ਮੰਡਲ ਦੇ ਪ੍ਰਧਾਨ ਸਿਕੰਦਰ ਸਿੰਘ ਨੇ ਪਾਵਰਕਾਮ ਦੀ ਮੈਨੇਜਮੈਂਟ ਨੂੰ ਧਮਕੀ ਦਿੰਦਿਆਂ ਕਿਹਾ ਕਿ ਮੰਗ ਮੰਗ ਕੇ ਦੇਖ ਲਿਆ, ਹੁਣ ਜ਼ੋਰ ਅਜ਼ਮਾ ਕੇ ਦੇਖਾਂਗੇ।

ਉਨ੍ਹਾਂ ਕਿਹਾ ਕਿ ਮਹਿਕਮੇ ਦੀ ਮੈਨੇਜਮੈਂਟ ਬੀਤੇ 15 ਸਾਲਾਂ ਤੋਂ ਇੱਕ ਲੱਖ ਪੈਨਸ਼ਨਰਜ਼ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਮੂਰਖ ਬਣਾਉਂਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਚੋਣ ਵਾਅਦਿਆਂ ਮੁਤਾਬਕ ਉਨ੍ਹਾਂ ਤੋਂ ਆਸ ਬੱਝੀ ਸੀ, ਪਰ ਉਹ ਵੀ ਰਵਾਇਤੀ ਪਾਰਟੀਆਂ ਦੀ ਸਰਕਾਰਾਂ ਵਾਂਗ ਲਾਰੇ-ਲੱਪਿਆਂ ਵਾਲੀ ਹੀ ਸਾਬਤ ਹੋਈ।

ਦੜੇ-ਸੱਟੇ ਦੀ 2440 ਰੁਪਏ ਰਾਸ਼ੀ ਸਣੇ 5 ਕਾਬੂ

ਜਲਾਲਾਬਾਦ, (ਜੀਤ ਕੁਮਾਰ) ਥਾਣਾ ਸਦਰ, ਥਾਣਾ ਸਿਟੀ ਤੇ ਥਾਣਾ ਵੈਰੋਕੇ ਦੀ ਪੁਲਸ ਵਲੋਂ ਦੜੇ ਸੱਟੇ ਦੀ 2440 ਰੁਪਏ ਰਾਸ਼ੀ ਸਣੇ 5 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਸਦਰ ਦੇ ਸਹਾਇਕ ਥਾਣੇਦਾਰ ਗੁਰਬਖਸ਼ ਸਿੰਘ ਸਾਥੀ ਕੁਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਪਿੰਡ ਸੁਖੇਰਾ ਬੋਦਲਾ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕੁਲਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਸੁਖੇਰਾ ਬੋਦਲਾ ਦੜਾ ਸੱਟਾ ਲਿਖਣ ਦਾ ਆਦੀ ਹੈ, ਜੋ ਅੱਜ ਵੀ ਲਿਖ ਰਿਹਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਕੁਲਦੀਪ ਸਿੰਘ ਨੂੰ 520 ਰੁਪਏ ਦੜੇ ਸੱਟੇ ਦੀ ਰਾਸ਼ੀ ਸਣੇ ਕਾਬੂ ਕੀਤਾ ਹੈ।

ਉਧਰ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਪੁਲਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਘੁਬਾਇਆ ਵਿਖੇ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੇਸ ਰਾਜ ਉਰਫ ਰਾਜੂ ਪੁੱਤਰ ਮਹਿੰਦਰ ਸਿੰਘ ਵਾਸੀ ਘੁਬਾਇਆ ਦੜਾ ਸੱਟਾ ਲਿਖ ਰਿਹਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਦੇਸ ਰਾਜ ਨੂੰ 400 ਰੁਪਏ ਦੜੇ ਸੱਟੇ ਦੀ ਰਾਸ਼ੀ ਸਣੇ ਕਾਬੂ ਕੀਤਾ ਹੈ।

ਥਾਣਾ ਸਿਟੀ ਵਿਖੇ ਦਰਜ ਮੁਕੱਦਮੇ ਦੇ ਜਾਂਚ ਅਧਿਕਾਰੀ ਸਹਾਇਕ ਜਰਨੈਲ ਚੰਦ ਨੇ ਦੱਸਿਆ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪ੍ਰਮੋਦ ਕੁਮਾਰ ਪੁੱਤਰ ਨਿਹਾਲ ਚੰਦ ਵਾਸੀ ਸ਼ਿੰਦੀ ਐਮ.ਸੀ. ਵਾਲੀ ਗਲੀ ਜਲਾਲਾਬਾਦ ਦੜਾ ਸੱਟਾ ਲਿਖਣ ਦਾ ਆਦੀ ਹੈ, ਜੋ ਹੁਣ ਵੀ ਸ਼ਰੇਆਮ ਸੱਟਾ ਲਿਖ ਰਿਹਾ ਹੈ, ਜੇਕਰ ਹੁਣੇ ਰੇਡ ਕੀਤਾ ਜਾਵੇ ਤਾਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਅਨਾਜ ਮੰਡੀ ਜਲਾਲਾਬਾਦ ਵਿਖੇ ਛਾਪੇਮਾਰੀ ਕਰਕੇ ਪ੍ਰਮੋਦ ਕੁਮਾਰ ਨੂੰ 470 ਰੁਪਏ ਦੜੇ ਸੱਟੇ ਦੀ ਰਾਸ਼ੀ ਸਣੇ ਕਾਬੂ ਕੀਤਾ ਹੈ।

ਉਧਰ ਸਹਾਇਕ ਥਾਣੇਦਾਰ ਸਤਨਾਮ ਦਾਸ ਪੁਲਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਜੰਮੂ ਬਸਤੀ ਜਲਾਲਾਬਾਦ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਗੁਰਮੀਤ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਜੰਮੂ ਬਸਤੀ ਜਲਾਲਾਬਾਦ ਦੜਾ ਸੱਟਾ ਲਿਖਣ ਦਾ ਕੰਮ ਕਰਦਾ ਹੈ ਤੇ ਹੁਣ ਵੀ ਸ਼ਰੇਆਮ ਸੱਟਾ ਲਿਖ ਰਿਹਾ ਹੈ। ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਗੁਰਮੀਤ ਸਿੰਘ ਨੂੰ 440 ਰੁਪਏ ਦੜੇ ਸੱਟੇ ਦੀ ਰਾਸ਼ੀ ਸਣੇ ਕਾਬੂ ਕੀਤਾ ਹੈ।

ਥਾਣਾ ਵੈਰੋਕੇ ਵਿਖੇ ਦਰਜ ਮੁਕੱਦਮੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਪੁਲਸ ਪਾਰਟੀ ਸਮੇਤ ਕਾਠਗੜ੍ਹ ਵਿਖੇ ਨਹਿਰ ਦੇ ਪੁਲ ਕੋਲ ਬਲਵਿੰਦਰ ਸਿੰਘ ਉਰਫ ਮੰਟਾ ਪੁੱਤਰ ਤੇਜਾ ਸਿੰਘ ਵਾਸੀ ਚੱਕ ਖੇੜੇਵਾਲਾ ਉਰਫ਼ ਜੈਮਲਵਾਲਾ ਬੱਸ ਅੱਡਾ ਪਿੰਡ ਚੱਕ ਖੇੜੇਵਾਲਾ ਵਿਖੇ ਸ਼ਰੇਆਮ ਲਿਖ ਰਿਹਾ ਹੈ ਤੇ ਲੋਕਾਂ ਨੂੰ ਇਹ ਕਹਿ ਰਿਹਾ ਹੈ ਕਿ ਉਸ ਕੋਲ ਦੜਾ ਸੱਟਾ ਲਾਓ ਅਤੇ ਨੰਬਰ ਆਉਣ ਤੇ 1 ਰੁਪਏ ਦੇ ਬਦਲੇ 80 ਰੁਪਏ ਦਿੱਤੇ ਜਾਣਗੇ, ਜੇ ਲਾਇਆ ਨੰਬਰ ਨਾ ਆਇਆ ਤਾਂ ਪੈਸੇ ਹਜ਼ਮ ਕੀਤੇ ਜਾਣਗੇ। ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਬਲਵਿੰਦਰ ਸਿੰਘ ਨੂੰ 610 ਰੁਪਏ ਦੜੇ ਸੱਟੇ ਦੀ ਰਾਸ਼ੀ ਸਣੇ ਕਾਬੂ ਕੀਤਾ ਹੈ।

ਵੱਖ-ਵੱਖ ਥਾਣਿਆ ਵਿੱਚ ਇਨ੍ਹਾਂ ਵਿਅਕਤੀਆਂ ਦੇ ਖਿਲਾਫ਼ ਧਾਰਾ 13-ਏ 3/67 ਜੂਆ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਲੁਟੇਰਿਆਂ ਵੱਲੋਂ 80 ਸਾਲਾ ਬਜ਼ੁਰਗ ਦਾ ਕਤਲ

ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)-ਅਬੋਹਰ ਦੇ ਸੀਡ ਫਾਰਮ ਪੱਕਾ 'ਚ ਲੁੱਟਣ ਦੀ ਨੀਅਤ ਨਾਲ ਆਏ ਲੁਟੇਰਿਆਂ ਵੱਲੋਂ 80 ਸਾਲਾ ਬਜ਼ੁਰਗ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਕਰਤਾਰ ਸਿੰਘ (80) ਬੁੱਧਵਾਰ-ਵੀਰਵਾਰ ਰਾਤ 1 ਵਜੇ ਦੇ ਕਰੀਬ ਆਪਣੇ ਖੇਤ ਵਿੱਚ ਸੁੱਤਾ ਪਿਆ ਸੀ ਤਾਂ ਕੁਝ ਅਣਪਛਾਤੇ ਵਿਅਕਤੀ ਉੱਥੇ ਆ ਗਏ ਅਤੇ ਉੱਥੇ ਖੜਾ ਉਸ ਦਾ ਟਰੈਕਟਰ ਲੈ ਕੇ ਜਾਣ ਲੱਗੇ। ਇਸ ਤੋਂ ਬਾਅਦ ਜਦੋਂ ਉਸ ਬਜ਼ੁਰਗ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੀ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਦੇ ਰਿਸ਼ਤੇਦਾਰਾਂ ਹੁਸ਼ਿਆਰ ਸਿੰਘ ਤੇ ਗੁਰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਰਤਾਰ ਸਿੰਘ ਪਿਛਲੇ 25-30 ਸਾਲਾਂ ਤੋਂ ਸੀਡ ਫਾਰਮ ਕੱਚਾ ਵਿਖੇ ਰਹਿ ਰਿਹਾ ਸੀ ਅਤੇ ਸੀਡ ਫਾਰਮ ਪੱਕਾ ਵਿੱਚ ਉਸਦੀ ਜ਼ਮੀਨ ਸੀ, ਜਿਸ 'ਤੇ ਉਹ ਖੇਤੀ ਕਰਦਾ ਸੀ।

ਉਹ ਇੱਥੇ ਇਕੱਲਾ ਹੀ ਸੌਂਦਾ ਸੀ। ਬੁੱਧਵਾਰ ਰਾਤ ਜਦੋਂ ਉਹ ਆਪਣੇ ਖੇਤ ਦਾ ਸਾਰਾ ਕੰਮ ਨਿਪਟਾ ਕੇ ਘਰ ਚਲੇ ਗਏ ਤਾਂ ਕਰਤਾਰ ਸਿੰਘ ਆਪਣੇ ਖੇਤ ਵਿੱਚ ਇਕੱਲਾ ਹੀ ਸੁੱਤਾ ਪਿਆ ਸੀ। ਇਸ ਦੌਰਾਨ ਉਸ ਦੀ ਟਰੈਕਟਰ-ਟਰਾਲੀ ਵੀ ਉਸੇ ਥਾਂ 'ਤੇ ਖੜੀ ਕਰ ਦਿੱਤੀ ਗਈ, ਜਿਸ 'ਤੇ ਉਹ ਚਾਰਾ ਕੱਟ ਕੇ ਸ਼ਹਿਰ ਦੀ ਮੰਡੀ ਵਿੱਚ ਲੈ

page-6-23-June-2023-(SM).qxd 6/22/2023 10:07 PM Page 1

ਸੰਯੁਕਤ ਕਿਸਾਨ ਮੋਰਚਾ ਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਡੀ ਸੀ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ

ਪਠਾਨਕੋਟ (ਦਵਿੰਦਰ ਸਿੰਘ)- ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਪਿੰਡ ਸਕੋਲ ਵਿਖੇ ਬਣਨ ਜਾ ਰਹੇ ਐੱਨ ਸੀ ਜੀ ਹੱਬ ਲਈ ਕੀਤੇ ਜਾ ਰਹੇ ਆਬਾਦਕਾਰਾਂ ਦੇ ਉਜਾੜੇ ਖਿਲਾਫ ਲਗਾਤਾਰ 3 ਘੰਟੇ ਰੋਸ ਧਰਨਾ ਡੀ ਸੀ ਦਫਤਰ ਸਾਹਮਣੇ ਲਗਾਇਆ ਗਿਆ ਅਤੇ ਫਿਰ ਧਰਨੇ ਨੂੰ ਡੀ ਸੀ ਦਫਤਰ ਦੇ ਘਿਰਾਓ ਵਿੱਚ ਤਬਦੀਲ ਕਰਨ ਦੇ ਅਲਟੀਮੇਟਮ ਤੋਂ ਬਾਅਦ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਧਰਨਾਕਾਰੀਆਂ ਵਿੱਚ ਆ ਕੇ ਮੰਗ ਪੱਤਰ ਲਿਆ ਗਿਆ, ਜਿਸ ਤੋਂ ਬਾਅਦ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਮੰਗਾਂ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿਵਾਇਆ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਐੱਨ ਐੱਸ ਜੀ ਹੱਬ ਲਈ ਪਿੰਡ ਸਕੋਲ ਦੀ 103 ਕਿੱਲੇ ਜ਼ਮੀਨ ਦੇਣ ਜਾ ਰਹੀ ਹੈ। ਉਨ੍ਹਾਂ ਦੱਸਿਆ 103 ਏਕੜ ਜ਼ਮੀਨ ਪਿੰਡ ਸਕੋਲ ਦੇ ਲੋਕਾਂ ਨੇ ਬੜੀ ਮੁਸ਼ਕਲ ਨਾਲ ਆਬਾਦ ਕੀਤੀ ਸੀ ਅਤੇ ਸਰਕਾਰ ਹੁਣ ਇੱਕੋ ਝਟਕੇ ਆਬਾਦਕਾਰਾਂ ਤੋਂ ਇਹ ਜ਼ਮੀਨਾਂ ਖੋਹਣ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਸਰਕਾਰ ਵੱਲੋਂ ਹੀ ਪਿੰਡ ਸਕੋਲ ਨੂੰ ਆਬਾਦ ਕਰਨ ਲਈ ਲੋਕਾਂ ਨੂੰ ਪ੍ਰੇਰਿਆ ਸੀ ਅਤੇ ਬੇਆਬਾਦ ਜ਼ਮੀਨਾਂ ਆਬਾਦ ਕਰਨ ਲਈ ਮੁਆਵਜ਼ੇ ਵੀ ਦਿੱਤੇ ਸਨ। ਉਨ੍ਹਾਂ ਕਿਹਾ ਕਿ ਪਿੰਡ ਸਕੋਲ ਵਿੱਚ ਬੀ ਐੱਸ ਐੱਫ ਵੀ ਰਹਿਣ ਤੋਂ ਮਨ੍ਹਾਂ ਕਰ ਰਹੀ ਸੀ ਜਿਸ ਕਰਕੇ ਲੋਕਾਂ ਨੇ ਦੇਸ਼ ਸੇਵਾ ਹਿੱਤ ਇਹ ਫੈਸਲਾ ਲਿਆ ਅਤੇ ਜਾਨ-ਮਾਲ ਦਾ ਖਤਰਾ ਉਠਾ ਕੇ ਪਿੰਡ ਸਕੋਲ ਨੂੰ ਆਬਾਦ ਕੀਤਾ। ਪਾਕਿਸਤਾਨ ਨਾਲ ਹੋਈਆਂ ਸਾਰੀਆਂ ਹੀ ਲੜਾਈਆਂ ਵੇਲੇ ਪਿੰਡ ਸਕੋਲ ਦੇ ਲੋਕ ਪਿੰਡ ਵਿੱਚ ਰਹੇ ਸਨ ਅਤੇ ਜਾਨੀ ਮਾਲੀ ਨੁਕਸਾਨ ਵੀ ਉਠਾਇਆ। ਆਗੂਆਂ ਨੇ 20 ਜੂਨ ਦੀ ਘਟਨਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ 20 ਜੂਨ ਨੂੰ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਅਤੇ ਸਕੋਲ ਦੇ ਲੋਕਾਂ ਦਾ ਇੱਕ ਸਾਂਝਾ ਵਫਦ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਦੇਣ ਲਈ ਆਏ ਸਨ, ਪਰ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਮੰਗ ਪੱਤਰ ਨਹੀਂ ਲਿਆ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਸਤਿਬੀਰ ਸਿੰਘ ਸੁਲਤਾਨੀ, ਤਰਲੋਕ ਸਿੰਘ ਬਹਿਰਾਮਪੁਰ, ਪਰਮਜੀਤ ਸਿੰਘ ਰਤਨਗੜ੍ਹ, ਰਜਿੰਦਰ ਸਿੰਘ, ਕੇਵਲ ਕਾਲੀਆ, ਪ੍ਰੇਮ ਸਿੰਘ, ਅਭਿਨਾਸ਼, ਬਲਵੰਤ ਸਿੰਘ ਘੋਹ, ਰਗੁਵੀਰ ਸਿੰਘ ਧਲੌਰਿਆ, ਸ਼ਿਵ ਕੁਮਾਰ, ਪਿੰਡ ਸਕੋਲ ਤੋਂ ਸੁਰਜੀਤ ਸਿੰਘ, ਸਾਬਕਾ ਸਰਪੰਚ ਤਰਲੋਕ ਸਿੰਘ, ਸੰਤੋਖ ਸਿੰਘ ਸਕੋਲ, ਸਰਪੰਚ ਪਰਮਜੀਤ ਕੌਰ ਨੇ ਸੰਬੋਧਨ ਕੀਤਾ।

ਇਸ ਤੋਂ ਇਲਾਵਾ ਇਸ ਘੋਲ ਦੀ ਹਮਾਇਤ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਰਾਜ ਕੁਮਾਰ ਪੰਡੋਰੀ, ਇਫਟੂ ਦੇ ਸੁਖਦੇਵਰਾਜ ਬਹਿਰਾਮਪੁਰ, ਪੰਜਾਬ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ ਬਲਬੀਰ ਸਿੰਘ ਰੰਧਾਵਾ, ਸਰਵਣ ਸਿੰਘ ਭੋਲਾ, ਅਮਰਜੀਤ ਸਿੰਘ ਦੋਰੰਗਖੱਡ, ਕਿਸ਼ਨ ਗੋਸਵਾਮੀ ਨੇ ਸੰਬੋਧਨ ਕੀਤਾ।

ਕੋਰਟ ਨੋਟਿਸ

ਬਾ ਅਦਾਲਤ-ਸ਼੍ਰੀ ਗੁਰਮੀਤ ਸਿੰਘ ਚੌਹਾਨ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ (ਜਲੰਧਰ)

ਤਕਸੀਮ ਕੇਸ ਨੰਬਰ 40/ਐੱਨ ਟੀ

ਮਿਤੀ : 06-10-2023

ਕੇਸ ਅਨੁਵਾਨ : ਤਰਸੇਮ ਸਿੰਘ ਵਗੈਰਾ ਬਨਾਮ ਮੋਹਨ ਸਿੰਘ ਵਗੈਰਾ ਵਾਕਿਆ ਪਿੰਡ ਗੀਗਨਵਾਲ ਤਹਿਸੀਲ ਵਾ ਜ਼ਿਲ੍ਹਾ ਜਲੰਧਰ

ਨੋਟਿਸ ਟੂ : ਸਰਵਸ਼੍ਰੀ 1 ਮੋਹਨ ਸਿੰਘ ਪੁੱਤਰ ਭਜਨ ਸਿੰਘ 2 ਮਨਜੀਤ ਸਿੰਘ ਪੁੱਤਰ ਭਜਨ ਸਿੰਘ, 3 ਜਸਵੀਰ ਸਿੰਘ ਪੁੱਤਰ ਭਜਨ ਸਿੰਘ, 4 ਪਰਮਜੀਤ ਸਿੰਘ ਪੁੱਤਰ ਭਜਨ ਸਿੰਘ, 5 ਜਗਜੀਤ ਸਿੰਘ ਪੁੱਤਰ ਭਜਨ ਸਿੰਘ ਸਾਰੇ ਵਾਸੀਆਨ ਪਿੰਡ ਗੀਗਨਵਾਲ ਸਬ ਤਹਿਸੀਲ ਭੋਗਪੁਰ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ। (ਫਰੀਕ ਦੋਮ)

ਵਾਕਿਆ ਰਕਬਾ ਪਿੰਡ ਗੀਗਨਵਾਲ

ਉਪਰੋਕਤ ਲਿਖੇ ਅਨੁਵਾਨ ਦੇ ਤਕਸੀਮ ਕੇਸ ਵਿੱਚ ਅਦਾਲਤ ਨੂੰ ਉਕਤ ਉੱਤਰਵਾਦੀਆਂ ਦੀ ਸਰਵਿਸ ਸਧਾਰਨ ਤਰੀਕੇ ਨਾਲ ਨਾ ਹੋਣ ਦੀ ਤਸੱਲੀ ਹੋ ਚੁੱਕੀ ਹੈ। ਇਸ ਲਈ ਫਰੀਕ ਦੋਇਮ ਉਕਤ ਦੀ ਹਾਜ਼ਰੀ ਲਈ ਇਸ ਅਖਬਾਰ ਪ੍ਰਕਾਸ਼ਨਾ ਨੋਟਿਸ ਰਾਹੀਂ ਇਸ ਅਦਾਲਤ ਵਿੱਚ ਮਿਤੀ 4-7-2023 ਨੂੰ 2 ਵਜੇ ਬਾਅਦ ਦੁਪਹਿਰ ਹਾਜ਼ਰ ਹੋ ਕੇ ਕੇਸ ਦੀ ਪੈਰਵੀ ਕਰਨ ਲਈ ਸੂਚਿਤ ਕੀਤਾ ਜਾਂਦਾ ਹੈ। ਇਸ ਨੋਟਿਸ ਪ੍ਰਕਾਸ਼ਨਾ ਦੇ ਬਾਵਜੂਦ ਫਰੀਕ ਦੋਇਮ ਉਕਤ ਤਾਰੀਖ ਤੇ ਹਾਜ਼ਰ ਨਹੀਂ ਆਉਂਦੇ ਤਾਂ ਉਹਨਾਂ ਖਿਲਾਫ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਅੱਜ ਨੰਬਰ 197/ਰੀਡਰ ਮਿਤੀ 20-6-2023 ਨੂੰ ਮੋਹਰ ਅਦਾਲਤ ਤੇ ਨਿਮਨ ਹਸਤਾਖਰ ਹੇਠ ਜਾਰੀ ਹੋਇਆ ਹੈ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ।

ਪਿੱਠ ਅੰਕਣ ਨੰਬਰ 198/ਰੀਡਰ ਮਿਤੀ 20-6-2023

ਕੋਰਟ ਨੋਟਿਸ

ਬਾ ਅਦਾਲਤ-ਸ਼੍ਰੀ ਗੁਰਮੀਤ ਸਿੰਘ ਚੌਹਾਨ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ (ਜਲੰਧਰ)

ਤਕਸੀਮ ਕੇਸ ਨੰਬਰ 4/ਐੱਨ ਟੀ

ਦਾਇਰ ਮਿਤੀ : 21-03-2023

ਸ਼੍ਰੀ ਅਮਰਜੀਤ ਸਿੰਘ ਪੁੱਤਰ ਬਿਕਰਮ ਸਿੰਘ, ਵਾ ਕਰਮਵੀਰ ਸਿੰਘ ਪੁੱਤਰ ਸਰੂਪ ਸਿੰਘ ਦੋਨੋਂ ਵਾਸੀਆਨ ਪਿੰਡ ਧਮੂਲੀ ਸਬ ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ। (ਫਰੀਕ ਅੱਵਲ)

ਬਨਾਮ

ਨੋਟਿਸ ਟੂ : ਸਰਵਸ਼੍ਰੀ 1 ਸਰਬਜੀਤ ਸਿੰਘ ਪੁੱਤਰ ਬਿਕਰਮ ਸਿੰਘ, 2 ਅਜੀਤ ਸਿੰਘ ਪੁੱਤਰ ਨੱਥਾ ਸਿੰਘ, 3 ਤਰਸੇਮ ਸਿੰਘ ਪੁੱਤਰ ਮਲਕੀਤ ਸਿੰਘ, 4 ਜਗਤ ਸਿੰਘ ਪੁੱਤਰ ਮਲਕੀਤ ਸਿੰਘ, 5 ਹਰਜਿੰਦਰ ਕੌਰ ਪੁੱਤਰੀ ਜਸਪਾਲ ਸਿੰਘ, 6 ਸਤਵੰਤ ਸਿੰਘ ਪੁੱਤਰ ਸਰੂਪ ਸਿੰਘ, ਸਾਰੇ ਵਾਸੀਆਨ ਪਿੰਡ ਧਮੂਲੀ ਸਬ ਤਹਿਸੀਲ ਭੋਗਪੁਰ ਜ਼ਿਲ੍ਹਾ ਜਲੰਧਰ, 7 ਪੰਜਾਬ ਐਂਡ ਸਿੰਧ ਬੈਂਕ ਪਿੰਡ ਬੁੱਲ੍ਹੇਵਾਲ ਜ਼ਿਲ੍ਹਾ ਹੁਸ਼ਿਆਰਪੁਰ। (ਫਰੀਕ ਦੋਮ)

ਵਾਕਿਆ ਰਕਬਾ ਪਿੰਡ ਧਮੂਲੀ

ਉਪਰੋਕਤ ਲਿਖੇ ਅਨੁਵਾਨ ਦੇ ਤਕਸੀਮ ਕੇਸ ਵਿੱਚ ਅਦਾਲਤ ਨੂੰ ਉਕਤ ਉੱਤਰਵਾਦੀਆਂ ਦੀ ਸਰਵਿਸ ਸਧਾਰਨ ਤਰੀਕੇ ਨਾਲ ਨਾ ਹੋਣ ਦੀ ਤਸੱਲੀ ਹੋ ਚੁੱਕੀ ਹੈ। ਇਸ ਲਈ ਫਰੀਕ ਦੋਇਮ ਉਕਤ ਦੀ ਹਾਜ਼ਰੀ ਲਈ ਇਸ ਅਖਬਾਰ ਪ੍ਰਕਾਸ਼ਨਾ ਨੋਟਿਸ ਰਾਹੀਂ ਇਸ ਅਦਾਲਤ ਵਿੱਚ ਮਿਤੀ 4-7-2023 ਨੂੰ 2 ਵਜੇ ਬਾਅਦ ਦੁਪਹਿਰ ਹਾਜ਼ਰ ਹੋ ਕੇ ਕੇਸ ਦੀ ਪੈਰਵੀ ਕਰਨ ਲਈ ਸੂਚਿਤ ਕੀਤਾ ਜਾਂਦਾ ਹੈ। ਇਸ ਨੋਟਿਸ ਪ੍ਰਕਾਸ਼ਨਾ ਦੇ ਬਾਵਜੂਦ ਫਰੀਕ ਦੋਇਮ ਉਕਤ ਤਾਰੀਖ ਤੇ ਹਾਜ਼ਰ ਨਹੀਂ ਆਉਂਦੇ ਤਾਂ ਉਹਨਾਂ ਖਿਲਾਫ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਅੱਜ ਨੰਬਰ 195/ਰੀਡਰ ਮਿਤੀ 20-6-2023 ਨੂੰ ਮੋਹਰ ਅਦਾਲਤ ਤੇ ਨਿਮਨ ਹਸਤਾਖਰ ਹੇਠ ਜਾਰੀ ਹੋਇਆ ਹੈ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ।

ਪਿੱਠ ਅੰਕਣ ਨੰਬਰ 196/ਰੀਡਰ ਮਿਤੀ 20-6-2023

ਦੀ ਕੋਟ ਬਾਦਲ ਖਾਂ ਕੋਆਪਰੇਟਿਵ ਐਗਰੀ: ਸਰਵਿਸ ਸੁਸਾਇਟੀ ਲਿਮਟਿਡ

(ਫੋਕਲ ਪੁਆਇੰਟ) ਤਹਿਸੀਲ ਫਿਲੌਰ (ਜਲੰਧਰ)

ਅੱਜ ਮਿਤੀ 9/06/2023 ਨੂੰ ਦੀ ਕੋਟ ਬਾਦਲ ਖਾਂ ਸਹਿਕਾਰੀ ਖੇਤੀਬਾੜੀ ਮਲਟੀਪਰਪਜ਼ ਸੇਵਾ ਸਭਾ ਲਿਮ. ਕੋਟ ਬਾਦਲ ਖਾਂ ਦੀ ਪ੍ਰਬੰਧਕ ਕਮੇਟੀ ਦੀ ਚੋਣ ਸੰਬੰਧੀ ਸਭਾ ਵੱਲੋਂ ਤਿਆਰ ਕੀਤੇ ਜ਼ੋਨ ਦੀ ਬਣਤਰ ਦੇਖਣ ਜਾਂ ਜ਼ੋਨਾਂ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਲੌਰ ਵਿਖੇ ਜਾਂ ਸਭਾ ਦੇ ਦਫਤਰ ਸਥਿਤ ਪਿੰਡ ਕੋਟ ਬਾਦਲ ਖਾਂ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਮਿਤੀ 03/07/2023 ਤੱਕ ਆ ਕੇ ਦੇਖਣ ਸੰਬੰਧੀ ਸਪੀਕਰ ਰਾਹੀਂ ਅਨਾਊਂਸਮੈਂਟ (ਮੁਨਿਆਦੀ) ਕਰ ਦਿੱਤੀ ਗਈ ਹੈ।

ਸਹੀ/- ਪ੍ਰਧਾਨ, ਦੀ ਕੋਟ ਬਾਦਲ ਖਾਂ ਕੋਆਪਰੇਟਿਵ ਐਗਰੀ: ਸਰਵਿਸ ਸੁਸਾਇਟੀ ਲਿਮਟਿਡ (ਫੋਕਲ ਪੁਆਇੰਟ) ਤਹਿਸੀਲ ਫਿਲੌਰ (ਜਲੰਧਰ)

SMFG INDIA CREDIT COMPANY LIMITED
(formerly Fullerton India Credit Company Limited)

Corporate Office: 10th Floor, Office No. 101,102 & 103, 2 North Avenue, Maker Maxity, Bandra Kurla Complex, Bandra (E), Mumbai - 400051.

ਡਿਮਾਂਡ ਨੋਟਿਸ

ਦਾ ਸਕਿਊਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੇਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 ('ਦਾ ਐਕਟ') ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੇਂਟ) ਰੂਲਜ਼, 2002 ('ਦਾ ਰੂਲਜ਼') ਦੀਆਂ ਵਿਵਸਥਾਵਾਂ ਤਹਿਤ

ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕਰੈਡਿਟ ਕੰਪਨੀ ਲਿਮ:) ਦੇ ਅਧਿਕਾਰਤ ਅਫਸਰ ਵਜੋਂ ਐਕਟ ਅਧੀਨ ਅਤੇ ਐਕਟ ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਸੰਬੰਧਤ ਨੋਟਿਸਾਂ 'ਚ ਦਰਸਾਈ ਗਈ ਰਕਮ ਨੋਟਿਸ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਸੈਕਸ਼ਨ, 13 (2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਨਿਮਨਹਸਤਾਖਰੀ ਨੂੰ ਵਾਜਬ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ ਡਿਮਾਂਡ ਨੋਟਿਸਾਂ ਦੀ ਤਾਮੀਲ ਟਾਲ ਰਹੇ ਹਨ, ਇਸ ਲਈ ਨਿਯਮਾਂ ਅਨੁਸਾਰ ਨੋਟਿਸ ਚਿਪਕਾ ਕੇ ਅਤੇ ਪ੍ਰਕਾਸ਼ਤ ਕਰਕੇ ਤਾਮੀਲ ਕਰਵਾਈ ਜਾ ਰਹੀ ਹੈ। ਡਿਮਾਂਡ ਨੋਟਿਸ ਦੀ ਵਿਸ਼ਾ ਸੂਚੀ ਹੇਠਾਂ ਦਰਸਾਈ ਜਾ ਰਹੀ ਹੈ :

ਕਰਜ਼ਦਾਰਾਂ ਦੇ ਨਾਂਅ	ਡਿਮਾਂਡ ਨੋਟਿਸ ਦੀ ਮਿਤੀ ਰਕਮ	ਅਚੱਲ ਜਾਇਦਾਦ ਦਾ ਗਹਿਣੇ ਰੱਖੀਆਂ ਜਾਇਦਾਦਾਂ ਦਾ ਵੇਰਵਾ
1 ਬਬਨੀਤ ਸੁਖਵਿੰਦਰ ਸਿੰਘ 2 ਅਮਰਪ੍ਰੀਤ ਕੌਰ ਖਾਤਾ ਨੰ : 197620910609392	07.06.2023 ਰੁਪਏ 28,85,401.84/- 01.06.2023 ਨੂੰ	ਐੱਮ ਸੀ ਨੰ. ਬੀ-XIII-599/1, ਜਾਇਦਾਦ ਰਕਬਾ 70 ਵਰਗ ਗਜ਼, ਕੂਚਾ ਨੰ. 8, ਫੀਲਡ ਗੰਜ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ-ਬੈਨਾਮਾ ਵਸੀਕਾ ਨੰਬਰ 8675 ਮਿਤੀ 18-07-2011 ਪੂਰਬ : ਅਰਜਨ ਸਿੰਘ ਸਾਈਡ-11', ਪੱਛਮ: ਗਲੀ ਸਾਈਡ-11', ਉੱਤਰ : ਸੋਮ ਨਾਥ ਸਾਈਡ-58', ਦੱਖਣ-ਰਾਮੇਸ਼ ਸਾਈਡ-58'

ਕਰਜ਼ਦਾਰਾਂ ਨੂੰ ਨੋਟਿਸਾਂ ਦੀ ਪਾਲਣਾ ਅਤੇ ਉਹਨਾਂ 'ਚ ਅਤੇ ਇੱਥੇ ਉੱਪਰ ਦਰਸਾਈ ਰਕਮ ਸਮੇਤ ਮੁਕੰਮਲ ਰਕਮ ਦੀ ਅਦਾਇਗੀ ਦੀ ਮਿਤੀ ਤੱਕ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜਿਜ਼, ਲਾਗਤ ਅਤੇ ਖਰਚੇ ਦੇ ਇਸ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਕਰਜ਼ਦਾਰ ਧਿਆਨ ਦੇਣ ਕਿ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਇੱਕ ਸਕਿਊਰਡ ਕ੍ਰੈਡਿਟਰ ਹੈ ਅਤੇ ਕਰਜ਼ਦਾਰ ਵੱਲੋਂ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਕਰਜ਼ਦਾਰ ਵੱਲੋਂ ਗਹਿਣੇ ਰੱਖੀਆਂ ਜਾਇਦਾਦਾਂ ਜੋ ਸਕਿਊਰਡ ਐੱਸਟ ਹੈ, ਵਿਰੁੱਧ ਸਕਿਊਰਡ ਕ੍ਰੈਡਿਟ ਹੈ। ਜੇਕਰ ਕਰਜ਼ਦਾਰ ਨਿਰਧਾਰਤ ਸਮੇਂ ਅੰਦਰ ਸਾਰੀਆਂ ਦੇਣਦਾਰੀਆਂ ਦਾ ਨਿਪਟਾਰਾ ਕਰਨ 'ਚ ਅਸਫਲ ਰਹਿੰਦਾ ਹੈ, ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਸਕਿਊਰਡ ਐੱਸਟਸ ਦਾ ਕਬਜ਼ਾ ਲੈਣ ਸਮੇਤ ਇਸ ਨੂੰ ਵਿੱਕਰੀ ਰਾਹੀਂ ਤਬਾਦਲਾ ਜਾਂ ਐਕਟ ਅਤੇ ਨਿਯਮਾਂ ਤਹਿਤ ਉਪਲੱਬਧ ਹੋਰ ਉਪਾਅ ਰਕਮ ਦੀ ਵਸੂਲੀ ਲਈ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ। ਐੱਸ ਐੱਮ ਐੱਫ ਇੰਡੀਆ ਕ੍ਰੈਡਿਟ ਵਿਕਰੀ ਜਾਂ ਤਬਾਦਲਾ ਅਧਿਕਾਰ ਲਾਗੂ ਕਰਨ ਤੋਂ ਪਹਿਲਾਂ ਸਕਿਊਰਡ ਐੱਸਟਸ ਨੂੰ ਅਟੈਚ/ਜਾਂ ਸੀਲ ਕਰਨ ਦਾ ਵੀ ਹੱਕਦਾਰ ਹੈ। ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਨੂੰ ਗਹਿਣੇ ਰੱਖੀਆਂ ਜਾਇਦਾਦਾਂ ਦੀ ਵਿਕਰੀ ਕਰਨ 'ਤੇ ਬਕਾਇਆ ਅਦਾਇਗੀ ਮੁਕੰਮਲ ਪ੍ਰਾਪਤ ਨਹੀਂ ਹੁੰਦੀ ਤਾਂ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਬਕਾਇਆ ਵਸੂਲਣ ਲਈ ਵੱਖਰੀ ਕਾਨੂੰਨੀ ਕਾਰਵਾਈ ਕਰਨ ਦਾ ਵੀ ਅਧਿਕਾਰ ਰੱਖਦਾ ਹੈ। ਇਹ ਉਪਾਅ ਐੱਸ ਐੱਮ ਐੱਫ ਜੀ ਇੰਡੀਆ ਕਰੈਡਿਟ ਨੂੰ ਕਿਸੇ ਹੋਰ ਕਾਨੂੰਨ ਅਧੀਨ ਪ੍ਰਾਪਤ ਹੋਰ ਉਪਾਵਾਂ ਤੋਂ ਵਾਧੂ ਅਤੇ ਅਜ਼ਾਦਾਨਾ ਹੈ। ਉਪਲੱਬਧ ਸਮੇਂ 'ਚ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 (8) ਸਕਿਊਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਅਤੇ ਅੱਗੇ ਐਕਟ ਦੇ ਸੈਕਸ਼ਨ 13 (13), ਜਿਸ ਰਾਹੀਂ ਕਰਜ਼ਦਾਰਾਂ 'ਤੇ ਕਿਸੇ ਵੀ ਸਕਿਊਰਡ ਐੱਸਟਸ ਦੀ ਸੰਦੇਬਾਜ਼ੀ, ਵਿਕਰੀ ਰਾਹੀਂ ਤਬਾਦਲਾ ਕਰਨ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ (ਕਾਰੋਬਾਰ ਦੇ ਆਮ ਤਰੀਕੇ ਤੋਂ ਇਲਾਵਾ), ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਨਿਪਟਾਰਾ ਕਰਨ 'ਤੇ ਪਾਬੰਦੀ/ਬੰਦਿਸ਼ ਹੈ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਐਕਟ ਦੇ ਸੈਕਸ਼ਨ 29 ਤਹਿਤ ਦੰਡਯੋਗ ਜੁਰਮ ਹੈ। ਡਿਮਾਂਡ ਨੋਟਿਸ ਦੀ ਨਕਲ ਨਿਮਨਹਸਤਾਖਰੀ ਕੋਲ ਉਪਲੱਬਧ ਹੈ ਅਤੇ ਕਰਜ਼ਦਾਰ, ਜੇਕਰ ਚਾਹੁਣ ਤਾਂ ਇਹ ਨਿਮਨਹਸਤਾਖਰੀ ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਦੇ ਨੀਯਤ ਸਮੇਂ ਅੰਦਰ ਪ੍ਰਾਪਤ ਕਰ ਸਕਦੇ ਹਨ।

ਸਥਾਨ : ਲੁਧਿਆਣਾ ਮਿਤੀ : 23.6.2023 ਸਹੀ/- ਅਧਿਕਾਰਤ ਅਫਸਰ

ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿ

24-JUNE-PAGE-7.qxd 6/22/2023 10:04 PM Page 1

ਬੰਦ ਪਏ ਟਿਊਬਵੈੱਲ ਤੇ ਨਜਾਇਜ਼ ਕਬਜ਼ਿਆਂ ਨੂੰ ਲੈ ਕੇ ਕੌਂਸਲਰਾਂ ਨੇ ਦਿੱਤਾ ਧਰਨਾ

ਬਰੇਟਾ (ਗੀਤਵਾਲ) ਸ਼ਹਿਰ ਦੇ ਕੌਂਸਲਰਾਂ ਅਤੇ ਸਾਬਕਾ ਕੌਂਸਲਰਾਂ ਵੱਲੋਂ ਸ਼ਹਿਰ 'ਚ ਹੋ ਰਹੇ ਨਜਾਇਜ਼ ਕਬਜ਼ਿਆਂ ਅਤੇ ਲੋਕਾਂ ਨੂੰ ਸ਼ੁੱਧ ਪਾਣੀ ਦੇਣ ਦੇ ਲਈ ਲਾਏ ਨਗਰ ਕੌਂਸਲ 'ਚ 8 ਲੱਖ ਦੀ ਲਾਗਤ ਨਾਲ ਟਿਊਬਵੈੱਲ ਦੇ ਨਾ ਚੱਲਣ ਦੇ ਕਾਰਨ ਕੌਂਸਲਰਾਂ ਵੱਲੋਂ ਰੋਜ ਵਜੋਂ ਨਗਰ ਕੌਂਸਲ ਦੇ ਵਿਹੜੇ 'ਚ ਸੰਕੇਤਕ ਧਰਨਾ ਦੇ ਕੇ ਕੌਂਸਲ ਦੇ ਪ੍ਰਧਾਨ ਅਤੇ ਜੇ.ਈ. ਖਿਲਾਫ ਨਾਅਰੇਬਾਜ਼ੀ ਕੀਤੀ ਗਈ।

ਧਰਨਕਾਰੀਆਂ ਨੇ ਦੋਸ਼ ਲਾਉਂਦੇ ਹੋਏ ਕਿਹਾ ਕਿ ਕੁਝ ਕੁ ਮਹੀਨੇ ਪਹਿਲਾਂ ਬਰੇਟਾ ਸ਼ਹਿਰ 'ਚ ਪਾਣੀ ਦੀ ਕਿੱਲਤ ਨੂੰ ਲੈ ਕੇ ਕੌਂਸਲ ਵੱਲੋਂ ਇੱਕ ਟਿਊਬਵੈੱਲ ਲਾਇਆ ਗਿਆ ਸੀ, ਜਿਸ ਲਈ 8 ਲੱਖ ਦੇ ਕਰੀਬ ਮਤਾ ਪਾਸ ਕਰਕੇ ਬੋਰ ਦਾ ਕੰਮ ਸ਼ੁਰੂ ਕੀਤਾ ਗਿਆ ਸੀ, ਪਰ ਅੱਜ ਤੱਕ ਉਹ ਬੋਰ ਦਾ ਸਹੀ ਕਾਰਜ ਨਪੇਰੇ ਨਹੀਂ ਚੜ੍ਹ ਸਕਿਆ, ਜਦਕਿ ਕੌਂਸਲ ਵੱਲੋਂ ਠੇਕੇਦਾਰ ਨੂੰ 6 ਲੱਖ ਰੁਪਏ ਦਾ ਚੈੱਕ ਕੱਟ ਕੇ ਦਿੱਤਾ ਜਾ ਚੁੱਕਾ ਹੈ, ਪਰ ਇਸ ਬੋਰ ਤੋਂ ਹਾਲੇ ਤੱਕ ਸ਼ਹਿਰ ਵਾਸੀਆਂ ਨੂੰ ਮਿਲਣ ਵਾਲੀ ਪਾਣੀ ਦੀ ਸਪਲਾਈ 'ਚੋਂ ਬੂੰਦ ਵੀ ਨਸੀਬ ਨਹੀਂ ਹੋਈ, ਜਿਸਦੇ ਰੋਸ ਵਜੋਂ ਕੌਂਸਲਰਾਂ ਵੱਲੋਂ ਇਹ ਧਰਨਾ ਦਿੱਤਾ ਗਿਆ ਹੈ। ਧਰਨਕਾਰੀਆਂ ਨੇ ਦੱਸਿਆ ਕਿ ਬਰੇਟਾ ਸ਼ਹਿਰ ਦੇ ਕੁਝ ਰਸੂਖਦਾਰ ਵਿਅਕਤੀਆਂ ਵੱਲੋਂ ਕੌਂਸਲ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ। ਇਸ ਮੌਕੇ ਕੌਂਸਲਰ ਵਿਨੋਦ ਸਿੰਗਲਾ, ਸ਼ੈਟੀ ਸਿੰਘ, ਦਰਸ਼ਨ ਸਿੰਘ ਮੱਘੀ, ਸਾਬਕਾ ਕੌਂਸਲਰ ਸ਼ੁਮੇਸ਼ ਬਾਲੀ, ਨਵਦੀਪ ਸਿੰਗਲਾ ਅਤੇ ਡਬਲਾ ਸਿੰਘ ਹਾਜ਼ਰ ਸਨ। ਮਾਮਲੇ ਨੂੰ ਲੈ ਕੇ ਨਗਰ ਕੌਂਸਲ ਦੇ ਅਧਿਕਾਰੀ ਵਿਜੈ ਜੈਨ ਨੇ ਕਿਹਾ ਕਿ ਟਿਊਬਵੈੱਲ ਲੱਗ ਚੁੱਕਾ ਹੈ। ਇੱਕ-ਦੋ ਦਿਨ 'ਚ ਹੀ ਸ਼ਹਿਰ ਵਾਸੀਆਂ ਨੂੰ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ ।

ਮੋਟਰਸਾਈਕਲ ਤੇ ਟਰੈਕਟਰ ਚੋਰੀ ਕਰਨ ਵਾਲੇ 6 ਕਾਬੂ

ਮਲੋਟ/ਲੰਬੀ (ਗੁਰਮੀਤ ਸਿੰਘ ਮੱਕੜ) ਥਾਣਾ ਲੰਬੀ ਪੁਲਸ ਨੇ ਟਰੈਕਟਰ ਅਤੇ ਮੋਟਰਸਾਈਕਲ ਚੋਰੀ ਕਰਨ ਵਾਲੇ 6 ਮੈਂਬਰਾਂ ਦੇ ਗਿਰੋਹ ਨੂੰ ਕਾਬੂ ਕੀਤਾ ਹੈ।

ਇਸ ਸਬੰਧੀ ਉਪ ਕਪਤਾਨ ਬਲਕਾਰ ਸਿੰਘ ਨੇ ਦੱਸਿਆ ਕਿ ਬਲਜਿੰਦਰ ਸਿੰਘ, ਰਵਿੰਦਰਪਾਲ ਸਿੰਘ, ਲਖਵਿੰਦਰ ਸਿੰਘ ਤੇ ਗਗਨਦੀਪ ਸਿੰਘ ਨਿੰਮ ਵਾਲੀ ਗਲੀ ਇਨ੍ਹਾਂ ਦੋਸ਼ੀਆਂ ਨੇ ਰਲ ਕੇ ਗੈਂਗ ਬਣਾਇਆ ਹੋਇਆ ਹੈ, ਜੋ ਬੈਂਕ ਤੋਂ ਟਰੈਕਟਰ ਟਰਾਲੇ ਵਗੈਰਾ ਲੋਨ 'ਤੇ ਲੈ ਕੇ ਆਪਣੇ ਆਪ ਹੀ ਪਾਸੇ ਕਰਕੇ/ਲੁਕਾ ਛੁਪਾ ਕੇ ਪੁਲਸ ਨੂੰ ਚੋਰੀ ਦੀ ਗ਼ਲਤ ਇਤਲਾਹ ਦੇ ਕੇ ਬੈਂਕ ਅਤੇ ਪੁਲਸ ਨਾਲ ਧੋਖਾਧੜੀ ਕਰਦੇ ਸਨ। ਇਸ ਤੋਂ ਇਲਾਵਾ ਇਨ੍ਹਾਂ ਨੇ ਆਪਣੇ ਆਪ ਹੋਰ ਵੀ ਟਰੈਕਟਰ ਟਰਾਲੇ ਚੋਰੀ ਕਰਕੇ ਜਾਂ ਪਾਸੇ ਕਰਕੇ ਅੱਗੇ ਵੇਚ ਦਿੰਦੇ ਹਨ। ਇਨ੍ਹਾਂ ਨੂੰ ਕਾਬੂ ਕਰਕੇ ਥਾਣਾ ਲੰਬੀ ਦੀ ਪੁਲਿਸ ਵਲੋਂ ਕਾਰਵਾਈ ਕੀਤੀ ਜਾ ਰਹੀ ਹੈ। ਉਧਰ ਦੂਜੇ ਮਾਮਲੇ ਵਿਚ ਮੋਟਰਸਾਈਕਲ ਚੋਰੀ ਕਰਨ ਵਾਲੇ ਸੰਦੀਪ ਸਿੰਘ ਉਰਫ਼ ਮਨਦੀਪ ਸਿੰਘ ਉਰਫ ਪੰਨਾ, ਬਲਜੀਤ ਸਿੰਘ ਉਰਫ ਸੋਨੀ, ਮਨਜੀਤ ਕੁਮਾਰ ਤੇ ਮਨਦੀਪ ਸਿੰਘ ਵਾਸੀ ਪੰਜਾਵਾ ਪੁਲਸ ਦੇ ਹੱਥ ਚੜ੍ਹੇ ਹਨ ਜੋ ਕਿ ਮੋਟਰਸਾਈਕਲ, ਤਾਂਬੇ ਦੀਆਂ ਤਾਰਾਂ ਅਤੇ ਹੋਰ ਚੋਰੀਆਂ ਕਰਨ ਦੇ ਆਦੀ ਹਨ ਤੇ ਤਫ਼ਤੀਸ਼ ਦੌਰਾਨ ਚੋਰੀ ਦੇ 2 ਟਰੈਕਟਰ ਅਤੇ 2 ਮੋਟਰਸਾਈਕਲ ਬਰਾਮਦ ਕੀਤੇ ਗਏ ਹਨ। ਮੁਕੱਦਮਾ ਦੀ ਡੂੰਘਾਈ ਨਾਲ ਤਫ਼ਤੀਸ਼ ਕੀਤੀ ਜਾ ਰਹੀ ਹੈ।

ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ : ਮੁੱਖ ਮੰਤਰੀ

ਮਾਨਸਾ (ਆਤਮਾ ਸਿੰਘ ਪਮਾਰ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁਢਲਾਡਾ ਵਿਖੇ ਨਵੇਂ ਬਣੇ ਜੱਚਾ ਬੱਚਾ ਹਸਤਪਤਾਲ ਦਾ ਉਦਘਾਟਨ ਕਰਦਿਆਂ ਕਿਹਾ ਕਿ 'ਆਪ' ਸਰਕਾਰ ਰਾਜ ਦੇ ਲੋਕਾਂ ਲਈ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਸੂਬੇ ਦੇ ਲੋਕਾਂ ਨੂੰ ਸੁਰੱਖਿਆ ਤੇ ਸਿਹਤ ਦੇ ਪੱਖੋਂ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਸਮੇਂ ਉਨ੍ਹਾਂ ਨਾਲ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਹਲਕਾ ਵਿਧਾਇਕ ਸਰਦੂਲਗੜ੍ਹ ਸ੍ਰੀ ਗੁਰਪ੍ਰੀਤ ਸਿੰਘ ਬਣਾਂਵਾਲੀ, ਸ੍ਰੀ ਪ੍ਰਦੀਪ ਅਗਰਵਾਲ ਐਮ.ਡੀ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਪੰਜਾਬ, ਡਾਇਰੈਕਟਰ ਸਿਹਤ ਸੇਵਾਂਵਾ ਪੰਜਾਬ ਡਾ. ਰਵਿੰਦਰਪਾਲ ਕੌਰ,ਐਸੀਸਟੈਂਟ ਡਾਇਰੈਕਟਰ ਵਨੀਤ ਨਾਗਪਾਲ, ਸਿਵਲ ਸਰਜਨ ਡਾ. ਅਸ਼ਵਨੀ ਕੁਮਾਰ, ਹਰਦੀਪ ਸ਼ਰਮਾ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਮਾਨਸਾ, ਡਾ. ਰਣਜੀਤ ਸਿੰਘ ਰਾਏ ਸਹਾਇਕ ਸਿਵਲ ਸਰਜਨ, ਡਾ. ਗੁਰਚੇਤਨ ਪ੍ਰਕਾਸ਼ ਸੀਨੀਅਰ ਮੈਡੀਕਲ ਅਫ਼ਸਰ ਬੁਢਲਾਡਾ ਵੀ ਹਾਜ਼ਰ ਸਨ।

ਡਾ. ਅਸ਼ਵਨੀ ਕੁਮਾਰ ਨੇ ਦੱਸਿਆ ਕਿ ਬੁਢਲਾਡਾ ਵਿਖੇ ਬਣਾਇਆ ਗਿਆ 30 ਬੈੱਡ ਦਾ ਜੱਚਾ ਬੱਚਾ ਹਸਤਪਤਾਲ ਦਾ ਉਦਘਾਟਨ ਭਗਵੰਤ ਸਿੰਘ ਮਾਨ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਹ ਹਸਪਤਾਲ ਪੰਜਾਬ ਸਰਕਾਰ ਵੱਲੋਂ 5 ਕਰੋੜ 10 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ। ਇਸ ਹਸਪਤਾਲ ਵਿਖੇ ਗਰਭਵਤੀ ਮਾਵਾਂ ਨਵਜੰਮੇ ਬੱਚਿਆਂ ਤੋਂ ਇਲਾਵਾ ਹੋਰ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਇਸ ਜੱਚਾ ਬੱਚਾ ਹਸਤਪਤਾਲ ਬਣਨ ਨਾਲ ਬੁਢਲਾਡਾ ਬਲਾਕ ਦੇ 82 (ਬਿਆਸੀ) ਪਿੰਡ ਅਤੇ ਦੋ ਤਿੰਨ ਮੰਡੀਆਂ ਤੇ ਕਸਬਿਆਂ ਨੂੰ ਵੀ ਇਸ ਦਾ ਲਾਭ ਹੋਵੇਗਾ। ਜੱਚਾ ਬੱਚਾ ਵਾਰਡ ਵਿਖੇ ਨਵੀਂ ਤਕਨੀਕ ਦੀਆਂ ਕਈ ਮਸ਼ੀਨਾਂ ਵੀ ਮੁਹੱਈਆ ਕਰਾਈਆਂ ਗਈਆਂ ਹਨ। ਮੈਂਕੀ ਪੋਰਟੇਬਲ ਐਕਸਰੇਅ ਮਸ਼ੀਨ, ਟਿਊਬਾਂ ਵਿੱਚ ਰੱਖਣ ਵਾਲੇ ਬੱਚਿਆਂ ਲਈ ਮਸ਼ੀਨਾਂ ਤੋਂ ਇਲਾਵਾ ਹੋਰ ਸਾਜੋ ਸਮਾਨ ਅਤੇ ਲੋੜੀਦਾ ਸਟਾਫ ਵੀ ਮੁਹੱਈਆ ਕਰਾਇਆ ਜਾਵੇਗਾ ਤਾਂ ਜੁ ਇਥੇ ਆਉਣ ਵਾਲੀ ਗਰਭਵਤੀ ਮਾਂ ਅਤੇ ਨਵਜੰਮੇ ਬੱਚੇ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਕਾਤਰਾਂ

ਸੀ ਡੀ ਐੱਲ ਯੂ 'ਚ ਹੋ ਰਹੇ ਘਪਲਿਆਂ ਦੀ ਜਾਂਚ ਦੀ ਮੰਗ

ਸਿਰਸਾ (ਸੁਰਿੰਦਰ ਪਾਲ ਸਿੰਘ) ਸਟੂਡੈਂਟ ਐਸੋਸੀਏਸ਼ਨ ਨੇ ਮਹਿਲਾ ਕਾਂਗਰਸ ਸਿਰਸਾ ਦੀ ਬਲਾਕ ਪ੍ਰਧਾਨ ਪੁਨੀਤਾ ਬਲਦੇਵ ਰਾਜ ਨੂੰ ਦਿੱਤੇ ਮੰਗ ਪੱਤਰ ਵਿਚ ਸੀਡੀਐਲਯੂ ਵਿੱਚ ਹੋ ਰਹੇ ਘਪਲੇ ਘੋਟਾਲਿਆਂ ਦੀ ਮੁਕੰਮਲ ਜਾਂਚ ਕਰਨ ਦੀ ਮੰਗ ਕੀਤੀ।ਮੰਗ ਪੱਤਰ ਰਾਹੀਂ ਵਿਦਿਆਰਥੀ ਆਗੂਆਂ ਨੇ ਕਿਹਾ ਕਿ ਯੂਨੀਵਰਸਿਟੀ ਵਿੱਚ ਰਿਜ਼ਲਟ ਬ੍ਰਾਂਚ ਵਿਚ ਭਾਰੀ ਗੜਬੜ ਚੱਲ ਰਹੀ ਹੈ।ਉਨ੍ਹਾਂ ਮੰਗ ਕੀਤੀ ਕਿ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਵਿੱਚ ਭਰਤੀਆਂ ਸਬੰਧੀ ਵੀ ਜਾਂਚ ਕਰਾਈ ਜਾਵੇ।ਯੂਨੀਵਰਸਿਟੀ ਵਿੱਚ ਰਿਜ਼ਲਟ ਸ਼ਾਖਾ ਵਿਚ ਫ਼ੇਲ੍ਹ ਵਿਦਿਆਥੀਆਂ ਨੂੰ ਪਾਸ ਅਤੇ ਪਾਸ ਨੂੰ ਫੇਲ੍ਹ ਕੀਤਾ ਜਾ ਰਿਹਾ ਹੈ।ਇਸ ਦੇ ਨਾਲ ਜੋ ਭਰਤੀਆਂ ਕੀਤੀਆਂ ਜਾਣੀਆਂ ਸਨ, ਉਹ ਵੀ ਬਿਨਾਂ ਪ੍ਰੋਟੋਕੋਲ ਤੋਂ ਹੋਈਆਂ, ਜਿਸਦੇ ਚੱਲਦੇ ਹਰਿਆਣਾ ਸਰਕਾਰ ਵੱਲੋਂ ਭਰਤੀਆਂ 'ਤੇ ਰੋਕ ਲੱਗੀ, ਪਰ ਉਪ ਕੁਲਪਤੀ ਵੱਲੋਂ ਪਹਿਲਾਂ ਹੀ ਕੁਝ ਭਰਤੀਆਂ ਕੀਤੀਆਂ ਜਾ ਚੁੱਕੀਆਂ ਹਨ।

ਕੈਨੇਡਾ ਦਾ ਸਟੱਡੀ ਵੀਜ਼ਾ ਲਵਾਇਆ

ਬਾਘਾ ਪੁਰਾਣਾ, (ਮਨੀ ਸਿੰਗਲਾ) ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਦੇ ਚੇਅਰਮੈਨ ਦੇਵਾਂਸ਼ ਗੋਇਲ ਨੇ ਦੱਸਿਆ ਕਿ ਸੰਸਥਾ ਵੱਲੋਂ ਵਿਦੇਸ਼ ਭੇਜਣ ਦੇ ਲੰਮੇ ਤਜਰਬੇ ਤਹਿਤ ਰਾਹੁਲ ਸੋਨੀ ਪੁੱਤਰ ਬਿਕਰਮਜੀਤ ਸੋਨੀ ਵਾਸੀ ਕੋਠੇ ਨਿਗਾਹਾ (ਨਵਾਂ ਲੰਗੇਆਣਾ) ਦਾ ਚਾਰ ਗੀਫਿਊਜਲ ਹੋਣ ਉਪਰੰਤ ਵੀ ਥੋੜ੍ਹੇ ਸਮੇਂ 'ਚ ਕੈਨੇਡਾ ਦਾ ਸਟੱਡੀ ਵੀਜ਼ਾ ਲਵਾ ਕੇ ਦਿੱਤਾ ਗਿਆ। ਸੰਸਥਾ ਦੇ ਹੈਡ ਦੇਵਾਂਸ਼ ਗੋਇਲ ਨੇ ਰਾਹੁਲ ਸੋਨੀ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਸੰਸਥਾ ਤੋਂ ਅਨੇਕਾਂ ਵਿਦਿਆਰਥੀਆਂ ਆਪਣਾ ਭਵਿੱਖ ਸੁਨਹਿਰੀ ਬਣਾ ਚੁੱਕੇ ਹਨ।

ਝਿੰਜਰ ਦੀ ਅਗਵਾਈ 'ਚ ਯੂਥ ਅਕਾਲੀ ਦਲ ਮਜ਼ਬੂਤ ਹੋਵੇਗਾ : ਵਰੁਣ ਕਾਂਸਲ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) -ਸ਼੍ਰੋਮਣੀ ਅਕਾਲੀ ਦਲ ਹੇਠਲੇ ਪੱਧਰ ਤੱਕ ਮਜਬੂਤ ਕਰਨ ਦੇ ਮਕਸਦ ਨਾਲ ਪਾਰਟੀ ਪ੍ਰਧਾਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵੱਲੋਂ ਨੌਜਵਾਨ ਅਕਾਲੀ ਆਗੂ ਸਰਬਜੀਤ ਸਿੰਘ ਝਿੰਜਰ ਨੂੰ ਯੂਥ ਅਕਾਲੀ ਦਲ ਪੰਜਾਬ ਦਾ ਪ੍ਰਧਾਨ ਬਣਾਇਆ ਗਿਆ ਹੈ। ਜਿੱਥੇ ਸਰਬਜੀਤ ਝਿੰਜਰ ਇੱਕ ਜ਼ਮੀਨੀ ਪੱਧਰ ਤੋਂ ਰਾਜਨੀਤੀ ਸ਼ੁਰੂ ਕਰਕੇ ਅਤੇ ਪੂਰੀ ਮਿਹਨਤ ਕਰਕੇ ਹੀ ਇੱਥੋਂ ਤੱਕ ਪਹੁੰਚਿਆ ਹੈ, ਉੱਥੇ ਸਾਰੇ ਯੂਥ ਵਿੱਚ ਇੱਕ ਨਵੇਂ ਜੋਸ਼ ਦੀ ਲਹਿਰ ਦੌੜ ਗਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਅਕਾਲੀ ਦੇ ਮੁੱਖ ਬੁਲਾਰੇ ਵਰੁਣ ਕੁਮਾਰ ਕਾਂਸਲ ਨੇ ਕੀਤਾ। ਯੂਥ ਅਕਾਲੀ ਆਗੂ ਵਰੁਣ ਕੁਮਾਰ ਕਾਂਸਲ ਨੇ ਕਿਹਾ ਕਿ ਨੌਜਵਾਨ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਪਾਰਟੀ ਦੀ ਹਰ ਇੱਕ ਜਿੱਤ ਵਿੱਚ ਯੂਥ ਦਾ ਅਹਿਮ ਰੋਲ ਹੁੰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਮਜਬੂਤੀ ਵੀ ਪਾਰਟੀ ਵੱਲੋਂ ਸ਼ੁਰੂ ਕੀਤੀਆਂ ਗਈਆਂ ਸਰਗਰਮੀਆਂ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ।

ਕੋਠੇ ਰਾਹਲਾਂ 'ਚ ਹੋਇਆ ਕਤਲ, ਪੁਲਸ ਜਾਂਚ 'ਚ ਜੁਟੀ

ਜਗਰਾਉਂ, (ਸੰਜੀਵ ਅਰੋੜਾ) ਪਿੰਡ ਕੋਠੇ ਰਾਹਲਾਂ ਵਿਖੇ ਕਤਲ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਜਸਪ੍ਰੀਤ ਸਿੰਘ ਘਰ 'ਚ ਇਕੱਲਾ ਰਹਿੰਦਾ ਸੀ ਤੇ ਬੀਤੀ ਰਾਤ ਕੁੱਝ ਅਣਪਛਾਤੇ ਵਿਅਕਤੀਆਂ ਨੇ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਇਸ ਬਾਰੇ ਸਵੇਰੇ ਪਿੰਡ ਵਾਲਿਆਂ ਨੂੰ ਪਤਾ ਲੱਗਾ ਤਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਮੌਕੇ 'ਤੇ ਐਸ.ਐਸ.ਪੀ. ਨਵਨੀਤ ਸਿੰਘ ਬੈਂਸ, ਐਸ. ਪੀ. ਹਰਿੰਦਰਪਾਲ ਸਿੰਘ ਪਰਮਾਰ, ਡੀ. ਐਸ. ਪੀ. ਸਤਵਿੰਦਰ ਸਿੰਘ ਵਿਰਕ ਤੇ ਡੀ. ਐਸ. ਪੀ. ਦੀਪਕਰਨ ਸਿੰਘ ਪਹੁੰਚੇ ਤੇ ਛਾਣਬੀਣ ਆਰੰਭ ਕੀਤੀ। ਡੀ.ਐਸ.ਪੀ. ਸਤਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਮ੍ਰਿਤਕ ਜਸਪ੍ਰੀਤ ਸਿੰਘ ਘਰ ਵਿੱਚ ਇਕੱਲਾ ਹੀ ਰਹਿੰਦਾ ਸੀ। ਰਾਤ ਨੂੰ ਕੁਝ ਅਣਪਛਾਤੇ ਬੰਦਿਆਂ ਵੱਲੋਂ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਫੋਰੈਂਸਿਕ ਟੀਮ ਜਾਂਚ ਵਿੱਚ ਜੁਟ ਗਈ ਹੈ ਤੇ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਵੀ ਦਰਜ ਕਰ ਦਿੱਤਾ ਗਿਆ।

ਇਸ ਮੌਕੇ ਮ੍ਰਿਤਕ ਜਸਪ੍ਰੀਤ ਦੀ ਭੈਣ ਨੇ ਦੱਸਿਆ ਕਿ ਜਸਪ੍ਰੀਤ ਦੀ ਪਹਿਲਾਂ ਦੋ ਵਿਆਹ ਹੋ ਚੁੱਕੇ ਸਨ ਅਤੇ ਦੋਨਾਂ ਤੋਂ ਹੀ ਤਲਾਕ ਹੋ ਚੁੱਕਾ ਹੈ, ਉਨ੍ਹਾਂ ਦੱਸਿਆ ਕਿ ਜਸਪ੍ਰੀਤ ਦੇ ਕੋਈ ਬੱਚਾ ਨਹੀਂ ਹੈ।

ਪੰਜਾਬੀ ਸਰਕਾਰ ਦੀਆਂ ਚਾਲਾਂ ਨੂੰ ਕਾਮਯਾਬ ਨਹੀਂ ਹੋਣ ਦੇਣਗੇ : ਹਰਿਆਊ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) -ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੋਚੀ ਸਮਝੀ ਸਾਜ਼ਿਸ਼ ਤਹਿਤ ਸਿੱਖ ਪੰਥ ਉੱਤੇ ਹਮਲੇ ਕਰ ਰਹੀ ਹੈ, ਪਰ ਪੰਜਾਬੀ ਇਨ੍ਹਾਂ ਚਾਲਾਂ ਨੂੰ ਪੂਰੀ ਤਰ੍ਹਾਂ ਸਮਝਦੇ ਹਨ। ਪੰਜਾਬ ਦੇ ਲੋਕ ਧਰਮ ਦੇ ਮਾਮਲਿਆਂ ਵਿੱਚ ਕੀਤੀ ਜਾਣ ਵਾਲੀ ਸਰਕਾਰੀ ਦਖਲਅੰਦਾਜ਼ੀ ਦੇ ਸ਼ੁਰੂ ਤੋਂ ਵਿਰੋਧੀ ਰਹੇ ਹਨ, ਇਸ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਹਮਲਿਆਂ ਦਾ ਵੀ ਪੰਜਾਬੀ ਮੂੰਹ ਤੋੜ ਜਵਾਬ ਦੇਣਗੇ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਸੀਨੀਅਰ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਨੇ ਕੀਤਾ।

ਸੀਨੀਅਰ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਣ ਦੇ ਮਾਮਲੇ ਵਿੱਚ ਪੀਟੀਸੀ ਚੈਨਲ ਨੂੰ ਬਿਨਾਂ ਵਜ੍ਹਾ ਨਿਸਾਨਾ ਬਣਾਇਆ ਜਾ ਰਿਹਾ ਹੈ, ਜਦੋਂ ਪੀਟੀਸੀ ਚੈਨਲ ਨੇ ਕਦੇ ਵੀ ਗੁਰਬਾਣੀ ਦੇ ਨਾਂਅ ਉਤੇ ਨਾ ਤਾਂ ਕਦੇ ਕੋਈ ਫੈਸਲਾ ਲਿਆ ਹੈ ਤੇ ਨਾ ਹੀ ਗੁਰਬਾਣੀ ਦੇ ਚੱਲਦਿਆਂ ਕੋਈ ਇਸ਼ਤਿਹਾਰ ਪ੍ਰਸਾਰਤ ਕੀਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕੇਂਦਰ ਦੇ ਇਸ਼ਾਰਿਆਂ ਉੱਤੇ ਸਿੱਖ ਧਰਮ ਦੀਆਂ ਪ੍ਰੰਪਰਾਵਾਂ ਨੂੰ ਤੋੜਨ ਵਿੱਚ ਹਿੱਸੇਦਾਰ ਬਣ ਰਹੀ ਹੈ।

ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਪੀ ਏ ਡੀ ਬੀ ਪਾਤੜਾਂ ਦੇ ਸਾਬਕਾ ਚੇਅਰਮੈਨ ਗੁਰਬਚਨ ਸਿੰਘ ਮੌਲਵੀਵਾਲਾ, ਸਰਕਲ ਪਾਤੜਾਂ ਦੇ ਪ੍ਰਧਾਨ ਗੁਰਦੀਪ ਸਿੰਘ ਖਾਂਗ, ਰਣਜੀਤ ਸਿੰਘ ਸਾਹੀ, ਜਸਪਾਲ ਸਿੰਘ ਨੂਰਪੁਰਾ, ਸਤਨਾਮ ਸਿੰਘ ਸ਼ੁਤਰਾਣਾ, ਜੋਗਿੰਦਰ ਸਿੰਘ ਬਾਵਾ, ਮਹਿਲ ਸਿੰਘ ਗਲੌਲੀ ਤੇ ਅਜੈਬ ਸਿੰਘ ਮੱਲ੍ਹੀ ਆਦਿ ਹਾਜ਼ਰ ਸਨ।

ਸੱਤ ਰੋਜ਼ਾ ਯੋਗ ਵਰਕਸ਼ਾਪ

ਬਠਿੰਡਾ, (ਪਰਵਿੰਦਰ ਜੀਤ ਸਿੰਘ) ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ

23-June-PAGE-8.qxd 6/22/2023 10:20 PM Page 1

ਲੁਟੇਰਿਆਂ ਤੇ ਚੋਰਾਂ ਨੂੰ ਨਹੀਂ ਰਿਹਾ ਪੁਲਸ ਦਾ ਖੌਫ

ਫਿਲੌਰ (ਨਿਰਮਲ)

ਅੱਜ ਕੱਲ੍ਹ ਫਿਲੌਰ ਸ਼ਹਿਰ 'ਚ ਦਿਨ ਦਿਹਾੜੇ ਬਿਨ੍ਹਾਂ ਕਿਸੇ ਖੌਫ ਤੋਂ ਲੁੱਟਾਂ-ਖੋਹਾਂ 'ਤੇ ਚੋਰੀਆਂ ਦੀਆਂ ਵਾਰਦਾਤਾਂ ਨੂੰ ਸਰੇਆਮ ਅੰਜਾਮ ਦੇ ਰਹੇ ਹਨ। ਸ਼ਹਿਰ ਨਿਵਾਸੀਆਂ ਤੇ ਬਾਹਰੋਂ ਆਉਣ-ਜਾਣ ਵਾਲਿਆ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਕੁਝ ਦਿਨ ਪਹਿਲਾਂ ਰੇਲਵੇਂ ਸਟੇਸ਼ਨ ਸਾਹਮਣੇ ਕਿਲ੍ਹਾਂ ਰੋਡ 'ਤੇ ਇੱਕ ਪ੍ਰਵਾਸੀ ਮਜ਼ਦੂਰਾਂ ਤੋਂ ਤੇਜਧਾਰ ਹਥਿਆਰਾਂ ਦੀ ਨੋਕ 'ਤੇ 17 ਹਜ਼ਾਰ ਰੁਪਏ 'ਤੇ 2 ਮੋਬਾਇਲ ਫੋਨ ਖੋਹ ਲਏ ਗਏ ਸਨ, ਫਿਲੌਰ ਕਿਲ੍ਹਾਂ ਰੋਡ 'ਤੇ ਇਕ ਲੜਕੀ ਕੋਲੋਂ ਮੋਟਰਸਾਇਕਲ ਸਵਾਰ ਲੁਟੇਰਿਆ ਨੇ ਮੋਬਾਈਲ ਫੋਨ ਖੋਹ ਲਿਆ, ਫਿਲੌਰ ਰੇਲਵੇਂ ਮਾਲਗੋਦਾਮ ਵਾਲੀ ਸੜਕ 'ਤੇ ਇਕ ਪ੍ਰਵਾਸੀ ਮਜ਼ਦੂਰ ਜੋ ਕਿ ਆਪਣੇ ਘਰ (ਬਿਹਾਰ) ਨੂੰ ਜਾ ਰਿਹਾ ਸੀ ਤਾਂ ਮੋਟਰਸਾਇਕਲ 'ਤੇ ਸਵਾਰ ਦੋ ਲੁਟੇਰਿਆ ਨੇ ਉਸ ਨੂੰ ਦਿਨ ਦਿਹਾੜੇ ਬਾਂਹ 'ਤੇ ਦਾਤਰ ਮਾਰ ਕੇ ਬੁਰੀ ਤਰ੍ਹਾਂ ਜਖਮੀ ਕਰਕੇ ਉਸ ਤੋਂ 10 ਹਜਾਰ ਰੁਪਏ ਲੁੱਟ ਲਏ ਸਨ, ਹਾਈਵੇ ਬੱਕਾਪੁਰ ਫਾਟਕ ਨਜਦੀਕੀ ਪ੍ਰਵਾਸੀ ਕੋਲੋਂ ਤੇਜਧਾਰ ਹਥਿਆਰਾਂ ਦੀ ਨੋਕ 'ਤੇ ਮੋਬਾਈਲ ਅਤੇ ਨਗਦੀ ਖੋਹੀ, ਇਸੇ ਤਰ੍ਹਾਂ ਪਿੰਡ ਖੈਹਿਰਾ ਸਥਿਤ ਢਾਬੇ ਤੋਂ ਕੰਮ ਕਰਦੇ ਵਿਅਕਤੀ ਤੋਂ ਮੋਬਾਈਲ ਖੋਹ ਕੇ ਲੁਟੇਰੇ ਖੋਹ ਕੇ ਫਰਾਰ ਹੋਏ। ਇਸੇ ਤਰ੍ਹਾਂ ਬੀਤੀ ਰਾਤ ਰੇਲਵੇਂ ਸਟੇਸ਼ਨ ਸਾਹਮਣੇ ਕਿਲ੍ਹਾਂ ਰੋਡ 'ਤੇ ਸਿਗਰਟਾਂ, ਬੀੜੀਆਂ, ਪਾਨ ਦੀ ਦੁਕਾਨ ਦੇ ਤਾਲੇ 'ਤੇ ਸ਼ਟਰ ਤੋੜ ਭੰਨ ਕੇ ਅੰਦਰੋਂ 1 ਲੱਖ 25 ਹਜ਼ਾਰ ਦੇ ਕਰੀਬ ਸਿਗਰਟਾਂ ਅਤੇ 5 ਹਜ਼ਾਰ ਰੁਪਏ ਨਕਦ ਚੋਰ ਲੈ ਗਏ। ਦੁਕਾਨ ਮਾਲਕ ਰੋਹਿਤ ਪਾਸੀ ਨੇ ਦੱਸਿਆ ਕਿ ਚੋਰੀ ਦਾ ਸਵੇਰੇ ਪਤਾ ਲੱਗਾ ਜਦੋਂ ਦੁਕਾਨ ਖੋਲ੍ਹਣ ਆਇਆ। ਇਸ ਸਬੰਧ ਥਾਣਾ ਫਿਲੌਰ ਵਿਖੇ ਸੂਚਿਤ ਕਰ ਦਿੱਤਾ ਗਿਆ। ਮੌਕੇ 'ਤੇ ਥਾਣੇਦਾਰ ਭੁਪਿੰਦਰ ਸਿੰਘ ਪੁਲਿਸ ਕਰਮਚਾਰੀਆਂ ਨਾਲ ਪੁੱਜੇ ਅਤੇ ਹਰ ਵਾਰ ਦੀ ਤਰ੍ਹਾਂ ਰਟਾ ਰਟਾਇਆ ਜਵਾਬ ਦਿੱਤਾ ਕਿ ਚੋਰਾਂ ਨੂੰ ਛੇਤੀ ਕਾਬੂ ਕੀਤਾ ਜਾਵੇਗਾ। ਇਸ ਮੌਕੇ ਕੌਂਸਲਰ ਰਾਕੇਸ਼ ਕਾਲੀਆ 'ਤੇ ਰਾਜੇਸ਼ ਰੌਕਸੀ ਨੇ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਫਿਲੌਰ ਵਿੱਚ ਪੁਲਸ ਦੀ ਨਫਰੀ ਵਧਾਈ ਜਾਵੇ ਤਾਂ ਜੋ ਲੁੱਟਾਂ-ਖੋਹਾਂ 'ਤੇ ਚੋਰੀਆਂ ਦੀਆਂ ਵਾਰਦਾਤਾਂ ਨੂੰ ਰੋਕਿਆ ਜਾ ਸਕੇ।

ਕੌਮੀ ਸਿੱਖਿਆ ਨੀਤੀ 'ਤੇ ਚਰਚਾ ਮੁਲਤਵੀ

ਜਲੰਧਰ (ਕੇਸਰ)- ਦੇਸ਼ ਭਗਤ ਯਾਦਗਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਕੌਮੀ ਸਿੱਖਿਆ ਨੀਤੀ: 2020 ਸੰਬੰਧੀ 24 ਜੂਨ ਸ਼ਨੀਵਾਰ ਸਵੇਰੇ 10:30 ਵਜੇ ਹੋਣ ਵਾਲੀ ਵਿਚਾਰ-ਚਰਚਾ ਦੇ ਮੁੱਖ ਬੁਲਾਰੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋ. ਕੁਲਦੀਪ ਪੁਰੀ ਹੋਰਾਂ ਦੀ ਸਿਹਤ ਨਾਸਾਜ਼ ਹੋਣ ਕਾਰਨ ਮੁਲਤਵੀ ਕਰਨੀ ਪੈ ਰਹੀ ਹੈ। ਢੁੱਕਵੇਂ ਸਮੇਂ ਤਾਰੀਕ ਬਾਰੇ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ।

ਨਹਿਰ 'ਚ ਛਾਲ ਮਾਰ ਵਿਅਕਤੀ ਨੇ ਕੀਤੀ ਖੁਦਕਸ਼ੀ

ਰੋਪੜ (ਬਿੰਦਰਾ) ਇਥੇ ਸਰਹਿੰਦ ਨਹਿਰ ਵਿਚ ਛਾਲ ਮਾਰ ਇਕ ਵਿਅਕਤੀ ਨੇ ਖੁਦਕੁਸ਼ੀ ਕਰ ਲਈ। ਦੁਪਹਿਰ ਦੇ ਸਮੇਂ ਉਸ ਨੇ ਪੁਲ ਤੋਂ ਹੇਠਾਂ ਨਹਿਰ ਵਿੱਚ ਛਾਲ ਮਾਰੀ ਅਤੇ ਪਾਣੀ ਉਸ ਨੂੰ ਵਹਾ ਕੇ ਲੈ ਗਿਆ। ਬਾਅਦ ਵਿੱਚ ਉਸ ਬਾਰੇ ਪਤਾ ਚੱਲਿਆ। ਉਹ ਦੁਕਾਨਦਾਰ ਸੀ ਅਤੇ ਉਸ ਦਾ ਨਾਂਅ ਰਮਨ ਉਰਫ ਬਿਟੂ ਸੀ। ਲਾਸ਼ ਦੀ ਭਾਲ ਕੀਤੀ ਜਾ ਰਹੀ ਹੈ।

ਅਰਜੁਨ ਮੇਘਵਾਲ ਨੇ ਵਪਾਰੀਆਂ ਨਾਲ ਕੀਤਾ ਵਿਚਾਰ-ਵਟਾਂਦਰਾ

ਜਲੰਧਰ, (ਸ਼ੈਲੀ ਐਲਬਰਟ) - ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਸੇਵਾ, ਸੁਸ਼ਾਸਨ ਅਤੇ ਗਰੀਬਾਂ ਦੀ ਭਲਾਈ ਦੇ 9 ਸਾਲ ਦੇ ਸਫਲਤਾਪੂਰਵਕ ਪੂਰੇ ਹੋਣ 'ਤੇ ਮਹਾ-ਜਨਸੰਪਰਕ ਅਭਿਆਨ ਤਹਿਤ ਇੱਥੇ ਇੱਕ ਵਪਾਰਕ ਸੰਮੇਲਨ ਦਾ ਆਯੋਜਨ ਭਾਜਪਾ ਆਗੂ ਭਟਾਰਾ ਦੇ ਨਿਵਾਸ ਜਲੰਧਰ ਦੇਹਤੀ ਦੱਖਣੀ ਵਿਖੇ ਕੀਤਾ ਗਿਆ। ਜਿਸਦੀ ਪ੍ਰਧਾਨਗੀ ਭਾਜਪਾ ਪ੍ਰਧਾਨ ਪੰਕਜ ਨੇ ਕੀਤੀ। ਇਸ ਸੰਮੇਲਨ 'ਚ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ, ਪ੍ਰਦੇਸ਼ ਭਾਜਪਾ ਜਨਰਲ ਸਕੱਤਰ ਰਾਜੇਸ਼ ਬਾਗਾ, ਸੂਬਾ ਵਪਾਰ ਸੈੱਲ ਦੇ ਸੂਬਾ ਪ੍ਰਧਾਨ ਦਿਨੇਸ਼ ਸਰਪਾਲ, ਇੰਦਰ ਇਕਬਾਲ ਸਿੰਘ ਅਟਵਾਲ (ਸਾਬਕਾ ਵਿਧਾਇਕ) ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਹਾਜ਼ਰ ਵਪਾਰੀਆਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਨਕੋਦਰ ਵਿਖੇ ਵਪਾਰੀਆਂ ਅਤੇ ਬੁੱਧੀਜੀਵੀਆਂ ਨਾਲ ਭਾਜਪਾ ਸਰਕਾਰ ਵੱਲੋਂ ਉਦਯੋਗਾਂ ਨੂੰ ਪ੍ਰਫੁੱਲਤ ਕਰਨ ਅਤੇ ਅੰਤੋਦਿਆ ਦੇ ਮਤੇ ਨੂੰ ਪੂਰਾ ਕਰਨ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਇਸ ਮੌਕੇ ਗੁਰਮੀਤ ਰਾਣਾ ਸੋਢੀ, ਸਾਬਕਾ ਆਈ ਜੀ ਆਰ ਪੀ ਮਿੱਤਲ, ਜਿਲ੍ਹਾ ਵਪਾਰ ਸੈੱਲ ਕਨਵੀਨਰ ਸੋਨੂੰ ਬਜਾਜ, ਰਾਜੀਵ ਅਰੋੜਾ, ਡਾ: ਬਿੰਦ, ਪਰਮਿੰਦਰ ਕਾਕਾ, ਰਾਜੇਸ਼ ਗੁਪਤਾ, ਚਿਰਾਗ ਬੱਤਰਾ, ਸੁਦਰਸ਼ਨ ਸੁਬਾਤੀ, ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ ਆਦਿੱਤਿਆ ਭਟਾਰਾ, ਪਰਮਜੀਤ, ਕੁਮਾਰ ਲਾਲੀ, ਪੰਕਜ, ਅਰਵਿੰਦ ਚਾਵਲਾ ਸਫੀ, ਭੁਪਿੰਦਰ, ਪਿਆਰਾ ਸਿੰਘ, ਕਸ਼ਮੀਰਾ ਸਿੰਘ, ਸੁਰਿੰਦਰ ਸਿੰਘ ਵਿਰਦੀ, ਅਮਿਤ ਵਿੱਜ ਆਦਿ ਹਾਜ਼ਰ ਸਨ।

ਸਰਕਾਰੀ ਆਈ ਟੀ ਆਈ ਹੁਸ਼ਿਆਰਪੁਰ ਵਿਖੇ ਯੋਗ ਦਿਵਸ ਮਨਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਸਰਕਾਰੀ ਆਈ ਟੀ ਆਈ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਹਰੀਸ਼ ਮੋਹਨ ਦੇ ਦਿਸ਼ਾ ਨਿਰਦੇਸ਼ਾ ਤਹਿਤ ਕਾਰਜਕਾਰੀ ਪ੍ਰਿੰਸੀਪਲ ਤਰਲੋਚਨ ਸਿੰਘ, ਟ੍ਰੇਨਿੰਗ ਅਫਸਰ ਗੁਰਨਾਮ ਸਿੰਘ, ਗੁਰਦੇਵ ਸਿੰਘ ਦੀ ਅਗਵਾਈ ਵਿੱਚ ਨੋਡਲ ਅਫ਼ਸਰ ਹੰਸ ਰਾਜ, ਪੁਸ਼ਪਿੰਦਰ ਸਿੰਘ ਅਤੇ ਸਟਾਫ ਵਲੋਂ ਅੰਤਰ ਰਾਸਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਤਰਲੋਚਨ ਸਿੰਘ, ਨੋਡਲ ਅਫਸਰ ਰਾਜ ਨੇ ਸਿਖਿਆਰਥੀਆਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਨਿਰੋਗ ਰਹਿਣ ਲਈ ਨਿਯਮਿਤ ਤੌਰ 'ਤੇ ਯੋਗਾ ਦਾ ਅਭਿਆਸ ਕਰਨ ਤੇ ਹੋਰਨਾਂ ਨੂੰ ਵੀ ਯੋਗ ਅਪਣਾਉਣ ਲਈ ਪ੍ਰੇਰਿਤ ਕਰਨ ਲਈ ਕਿਹਾ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਤਰਲੋਚਨ ਸਿੰਘ, ਟ੍ਰੇਨਿੰਗ ਅਫਸਰ ਗੁਰਨਾਮ ਸਿੰਘ, ਗੁਰਦੇਵ ਸਿੰਘ, ਹੰਸ ਰਾਜ, ਪੁਸ਼ਪਿੰਦਰ ਸਿੰਘ, ਮਨਜਿੰਦਰ ਸਿੰਘ, ਰਵੀ ਕੁਮਾਰ, ਸ੍ਰੀਮਤੀ ਕਮਲਪ੍ਰੀਤ ਕੋਰ, ਸ੍ਰੀਮਤੀ ਗਰਿਮਾ, ਸ੍ਰੀਮਤੀ ਪੁਰਵਿੰਦਰ ਕੋਰ, ਗੁਰ ਲਾਲ, ਸ੍ਰੀਮਤੀ ਉਰਮਲਜੀਤ ਕੋਰ ਸਮੇਤ ਸੰਸਥਾ ਦੇ ਸਟਾਫ ਮੈਂਬਰਾਂ ਅਤੇ ਸਿਖਿਆਰਥੀਆਂ ਨੇ ਆਪਣੇ ਪਰਿਵਾਰ ਦੇ ਨਾਲ ਨਿਯਮਿਤ ਤੌਰ ਤੇ ਯੋਗਾ ਦਾ ਅਭਿਆਸ ਕਰਨ, ਆਪਣੇ ਜੀਵਨ ਵਿੱਚ ਯੋਗ ਨੂੰ ਜੋੜਨ ਅਤੇ ਆਪਣੇ ਦੋਸਤਾਂ ਨੂੰ ਵੀ ਸਿਹਤਮੰਦ ਜੀਵਨ ਸ਼ੈਲੀ ਲਈ ਯੋਗ ਅਪਣਾਉਣ ਦੀ ਪ੍ਰੇਰਨਾ ਦੇਣ ਦਾ ਪ੍ਰਣ ਲਿਆ। ਇਸ ਮੌਕੇ ਸਭ ਨੇ ਉਪਯੋਗੀ ਯੋਗ ਗਤੀਵਿਧੀਆਂ ਕੀਤੀਆਂ।

ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

ਅੱਡਾ ਸਰਾਂ (ਜਸਵੀਰ ਕਾਜਲ)- ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹੀਦੀ ਨੂੰ ਸਮਰਪਿਤ ਧੰਨ ਧੰਨ ਬਾਬਾ ਬਿਸ਼ਨ ਸਿੰਘ ਹੋਲਾ ਮਹੱਲਾ ਲੰਗਰ ਕਮੇਟੀ ਅੱਡਾ ਸਰਾਂ ਪਿੰਡ ਕੰਧਾਲਾ ਜੱਟਾਂ ਵੱਲੋਂ ਅੱਡਾ ਸਰਾਂ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਛੋਲਿਆ ਦੇ ਪ੍ਰਸਾਦ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਮਹਿੰਦਰ ਸਿੰਘ, ਕੁਲਵੰਤ ਸਿੰਘ, ਗੁਰਵਿੰਦਰ ਸਿੰਘ ਗਿੱਤਾ, ਮਨਜੀਤ ਸਿੰਘ ਸੈਕਟਰੀ, ਇੰਦਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਧਾਲੀਵਾਲ, ਸਤਵਿੰਦਰ ਸਿੰਘ, ਜਸਵੀਰ ਸਿੰਘ ਸੀਰਾ, ਸੁੱਚਾ ਸਿੰਘ ਲੰਬੜਦਾਰ, ਰੇਸ਼ਮ ਸਿੰਘ, ਹਰਪ੍ਰੀਤ ਸਿੰਘ, ਜਸਪਾਲ ਸਿੰਘ ਭੱਟੀ, ਬਲਜੀਤ ਸਿੰਘ ਬੱਲੂ, ਬਲਵੀਰ ਸਿੰਘ ਬੱਬੀ, ਆਗਿਆ ਸਿੰਘ, ਪਰਮਜੀਤ ਸਿੰਘ, ਕੁਲਵਿੰਦਰ ਸਿੰਘ, ਰਸਪਾਲ ਸਿੰਘ, ਸਿਮਰਤ, ਗੁਰਤੇਜ, ਅਮ੍ਰਿਤ, ਸੁੱਖਾ, ਦੀਪਾ, ਅਮਰੀਕ ਸਿੰਘ, ਨਵਲ ਕਿਸ਼ੋਰ, ਵਿੱਕੀ, ਜੀਤਾ, ਕਾਕਾ ਆਦਿ ਹੋਰ ਸੰਗਤਾਂ ਹਾਜ਼ਰ ਸਨ।

ਸੜਕਾਂ 'ਚ ਸੁਧਾਰ ਨਾ ਕੀਤਾ ਤਾਂ ਸ਼ਹਿਰ ਵਾਸੀ ਕਰਨਗੇ ਅੰਦੋਲਨ : ਜਰਨੈਲ ਫਿਲੌਰ

ਫਿਲੌਰ(ਨਿਰਮਲ)

ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ ਇਲਾਕਾ ਫਿਲੌਰ ਦੀਆਂ ਸੜਕਾਂ ਦੀ ਬਦਤਰ ਹਾਲਤ 'ਤੇ ਦੁੱਖ ਪ੍ਰਗਟ ਕੀਤਾ ਹੈ ਅਤੇ ਅੰਦੋਲਨ ਦੀ ਚੇਤਾਵਨੀ ਵੀ ਦਿੱਤੀ ਹੈ। ਆਗੂਆਂ ਨੇ ਨੇ ਦੱਸਿਆ ਕਿ ਸ਼ਹਿਰ ਫਿਲੌਰ ਤੋਂ ਵੱਖ-ਵੱਖ ਪਿੰਡਾਂ ਨੂੰ ਨਿੱਕਲਦੀਆਂ ਸੜਕਾਂ ਦਾ ਮੰਦਾ ਹਾਲ ਹੈ, ਸਰਕਾਰਾਂ ਵੀ ਬਦਲੀਆਂ ਪਰ ਸੜਕਾਂ ਦੇ ਖੱਡੇ ਜਿਓਂ ਦੇ ਤਿਓਂ ਮੌਜੂਦ ਹਨ। ਉਹਨਾਂ ਦੱਸਿਆ ਕਿ ਇਸ ਬਾਰੇ ਪ੍ਰਸ਼ਾਸ਼ਨ ਨੂੰ ਕਈ ਵਾਰ ਮਿਲ਼ ਕੇ ਦੱਸਿਆ ਗਿਆ ਪਰ ਕਿਸੇ ਦੇ ਵੀ ਕੰਨ ਤੇ ਜੂੰ ਤੱਕ ਨਹੀਂ ਸਰਕੀ। ਇਸ ਸਮੇਂ ਆਗੂਆਂ ਨੇ ਕਿਹਾ ਕਿ ਸ਼ਹਿਰ ਫਿਲੌਰ ਦੇ ਫਾਟਕ ਤੋਂ ਲੈ ਕੇ ਏਵੰਨ ਬੁੱਕ ਸ਼ਾਪ ਫਿਲੌਰ ਤੱਕ ਸੜਕ ਦੇ ਵਿਚ ਪਏ ਟੋਇਆਂ ਕਾਰਨ ਕਈ ਹਾਦਸੇ ਵਾਪਰ ਚੁੱਕੇ ਹਨ ਪਰ ਸਥਾਨਕ ਪ੍ਰਸ਼ਾਸ਼ਨ 'ਤੇ ਨਵੀਂ ਸਰਕਾਰ ਦੇ ਨੇਤਾ ਕੁੰਭਕਰਨੀ ਨੀਂਦ ਸੁੱਤੇ ਹੋਏ ਹਨ। ਇਸ ਸਮੇ ਏਵੰਨ ਬੁੱਕਸ਼ਾਪ ਦੇ ਮਾਲਕ ਬੰਟੀ ਫਿਲੌਰ ਨੇ ਦੱਸਿਆ ਕਿ ਨੂਰਮਹਿਲ ਦੀ ਸੜਕ ਤੋਂ ਹਜਾਰਾਂ ਵਾਹਨ ਰੋਜ ਲੰਘਦੇ ਹਨ ਖਾਸ ਕਰਕੇ ਐਤਵਾਰ 'ਤੇ ਵੀਰਵਾਰ ਨੂੰ ਸਾਰੇ ਭਾਰਤ ਵਿਚੋਂ ਸੰਗਤ ਨੂਰਮਹਿਲ, ਨਕੋਦਰ 'ਤੇ ਸੁਲਤਾਨਪੁਰ ਵਿਖੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹਨ। ਜਿਨ੍ਹਾਂ ਨੂੰ ਇਹ ਸੜਕ ਪਾਰ ਕਰਨ ਲਈ ਬੜੀਆਂ ਮੁਸ਼ਕਲਾ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਦੱਸਿਆ ਕਿ ਮੀਂਹ ਦੇ ਦਿਨਾਂ ਵਿੱਚ ਤਾਂ ਇਸ ਸੜਕ ਤੋਂ ਲੰਘਣਾ ਖਤਰਾ ਮੁੱਲ ਲੈਣ ਵਾਲੀ ਗੱਲ ਹੁੰਦੀਂ ਹੈ। ਇਸ ਸਮੇਂ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਜਰਨੈਲ ਫਿਲੌਰ 'ਤੇ ਕੁਲਦੀਪ ਫਿਲੌਰ ਨੇ ਕਿਹਾ ਕਿ ਫਿਲੌਰ ਸ਼ਹਿਰ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਾਉਣ ਲਈ ਸ਼ਹਿਰ ਵਾਸੀਆਂ 'ਤੇ ਸਮੂਹ ਧਾਰਮਿਕ, ਸਮਾਜਿਕ ਅਤੇ ਜਨਤਕ ਜਥੇਬੰਦੀਆਂ ਨੂੰ ਨਾਲ ਲੈ ਕੇ ਸੰਘਰਸ਼ ਕੀਤਾ ਜਾਵੇਗਾ। ਇਸ ਸਮੇਂ ਗੁਰਮੇਲ ਸਿੰਘ ਗੇਲਾ, ਮਾਸਟਰ ਹੰਸ ਰਾਜ, ਜਤਿੰਦਰ ਕੁਮਾਰ, ਸੁਰਿੰਦਰ ਕੁਮਾਰ ਤੇ ਗਸ਼ਪਾਲ ਸਿੰਘ ਆਦਿ ਹਾਜ਼ਰ ਸਨ।

ਪੰਚਾਇਤੀ ਰਾਜ ਪੈਨਸ਼ਨਰਾਂ ਨੂੰ ਪੇ-ਕਮਿਸ਼ਨ ਲਾਗੂ ਨਾ ਕਰਨਾ ਵਿਸ਼ਵਾਸਘਾਤ ਤੇ ਧੋਖਾ : ਲੋਧੀਮਾਜਰਾ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)- ਪੰਚਾਇਤੀ ਰਾਜ ਪੈਨਸ਼ਨਰਾਂ ਨੂੰ ਪੇ ਕਮਿਸ਼ਨ ਲਾਗੂ ਨਾ ਕਰਨਾ ਵਿਸ਼ਵਾਸਘਾਤ ਅਤੇ ਧੋਖਾ ਹੈ। ਪੰਚਾਇਤੀ ਰਾਜ ਪੈਨਸਨਾਂ ਨਾਲ ਪੱਖਪਾਤ ਕੀਤੇ ਜਾਣ ਸੰਬੰਧੀ ਜਾਣਕਾਰੀ ਦਿੰਦਿਆਂ ਪੈਨਸਨਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਨਿਰਮਲ ਸਿੰਘ ਲੋਧੀਮਾਜਰਾ ਅਤੇ ਬਲਾਕ ਪ੍ਰਧਾਨ ਨੂਰਪੁਰਬੇਦੀ ਠਾਕੁਰ ਦਾਸ ਸੈਣੀ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਟੈਂਕੀਆਂ ਉੱਪਰ ਚੜੇ ਅਤੇ ਮਰਨ ਵਰਤ ਦੀ ਬੋਲੀ ਨੂੰ ਸਮਝਦੀ ਹੈ। ਪੰਚਾਇਤੀ ਰਾਜ ਪੈਨਸ਼ਨਰ ਯੂਨੀਅਨ ਸੈਂਕੜੇ ਧਰਨੇ ਤੇ ਮੁਜਾਹਰੇ ਡਾਇਰੈਕਟਰ ਪੰਚਾਇਤੀ ਰਾਜ ਪੰਜਾਬ ਦੇ ਦਫਤਰ ਮੋਹਾਲੀ ਵਿਖੇ ਲਗਾ ਚੁੱਕੀ ਹੈ, ਪ੍ਰੰਤੂ ਸਰਕਾਰ ਇੱਕੋ ਮਹਿਕਮੇ 'ਚ ਸਰਕਾਰੀ, ਨੀਮ ਸਰਕਾਰੀ ਮੁਲਾਜਮਾਂ ਅਤੇ ਪੈਨਸ਼ਨਰਾਂ ਨਾਲ ਵਿਤਕਰਾ ਕਰ ਰਹੀ ਹੈ। ਉਨ੍ਹਾ ਕਿਹਾ ਕਿ ਪੰਚਾਇਤੀ ਰਾਜ ਵਿਭਾਗ ਦੇ ਨੀਮ ਸਰਕਾਰੀ ਪੈਨਸ਼ਨਰਾਂ 'ਚ ਪੰਚਾਇਤ ਸਕੱਤਰ, ਸੇਵਾਦਾਰ ਤੇ ਹੈੱਡ ਕਲਰਕ ਆਦਿ ਆਉਦੇ ਹਨ, ਜਿਨਾਂ ਨੂੰ ਪੇ ਕਮਿਸ਼ਨ ਲਾਗੂ ਨਹੀ ਕੀਤਾ ਗਿਆ। ਜਦਕਿ ਸਰਕਾਰੀ ਤੌਰ 'ਤੇ ਸਭ ਕਾਮਿਆ ਨੂੰ ਸਮੁਚੇ ਲਾਭ ਅਤੇ ਪੈਨਸ਼ਨ 'ਚ ਵਾਧੇ ਦੇ ਨਾਲ ਨਾਲ ਉਨ੍ਹਾ ਨੂੰ ਲੰਬੇ ਸਮੇਂ ਤੋਂ ਰਹਿੰਦੇ ਬਕਾਏ ਵੀ ਅਦਾ ਕਰ ਦਿੱਤੇ ਗਏ ਮਗਰ ਮਾਨ ਸਰਕਾਰ ਪੰਚਾਇਤੀ ਰਾਜ ਪੈਨਸ਼ਰਾ ਨੂੰ ਪੇ ਕਮਿਸ਼ਨ ਲਾਗੂ ਨਹੀਂ ਕਰ ਰਹੀ ਹੈ ਜਦਕਿ ਪਿਛਲੀਆਂ ਅਕਾਲੀ ਅਤੇ ਕਾਂਗਰਸੀ ਸਰਕਾਰਾਂ ਨੇ ਅਜਿਹਾ ਵਿਤਕਰਾ ਕਦੇ ਵੀ ਨਹੀਂ ਕੀਤਾ ਸੀ।

ਜ਼ਿਲ੍ਹੇ 'ਚ 100 ਤੋਂ ਵੱਧ ਥਾਵਾਂ 'ਤੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਮੋਹਾਲੀ (ਗੁਰਜੀਤ ਬਿੱਲਾ)

ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਅਤੇ ਬਿਮਾਰੀਆਂ ਤੋਂ ਨਿਜ਼ਾਤ ਪਾਉਣ ਲਈ ਯੋਗ ਵਧੀਆ ਸਾਧਨ ਹੈ ਅਤੇ ਬਿਨਾ ਖਰਚੇ ਤੋਂ ਯੋਗ ਵਿਧੀ ਰਾਹੀਂ ਤੰਦਰੁਸਤ ਰਿਹਾ ਜਾ ਸਕਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਐਸ.ਏ.ਐਸ. ਨਗਰ ਸ੍ਰੀਮਤੀ ਆਸ

23-June-PAGE-9.qxd 6/22/2023 10:19 PM Page 1

'ਆਪ' ਨੇ 'ਗੁਰਬਾਣੀ ਪ੍ਰਸਾਰਨ' ਨੂੰ ਨਿੱਜੀ ਮਲਕੀਅਤ ਬਣਾਉਣ ਵਾਲੇ ਚੈਨਲ ਦੇ ਝੂਠ ਦਾ ਕੀਤਾ ਪਰਦਾ ਫਾਸ਼

ਚੰਡੀਗੜ੍ਹ, (ਗੁਰਜੀਤ ਬਿੱਲਾ)

ਗੁਰਬਾਣੀ ਸਭ ਦੀ ਸਾਂਝੀ ਹੈ ਪਰ ਅਫਸੋਸ ਕਿ ਅੱਜ ਇੱਕ ਨਿੱਜੀ ਚੈਨਲ ਬ੍ਰੋਡਕਾਸਟਿੰਗ ਦੇ ਅਧਿਕਾਰ ਹਾਸਿਲ ਕਰ ਜਿੱਥੇ ਇਸ ਤੋਂ ਕਰੋੜਾਂ ਕਮਾ ਰਿਹਾ ਹੈ, ਉੱਥੇ ਉਸ ਚੈਨਲ ਦੇ ਐੱਮ.ਡੀ ਵੱਲੋਂ ਗੁਰਬਾਣੀ ਪ੍ਰਸਾਰਣ ਦੇ ਸਾਰਿਆਂ ਲਈ ਮੁਫਤ ਹੋਣ ਦਾ ਢੌਂਗ ਕਰ ਸੰਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਵੱਲੋਂ ਚੰਡੀਗੜ੍ਹ ਪਾਰਟੀ ਦਫਤਰ ਵਿਖੇ ਕੀਤੀ ਗਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਾਨਕ ਨਾਮ-ਲੇਵਾ ਸੰਗਤਾਂ ਦੀ ਮੰਗ 'ਤੇ ਗੁਰਬਾਣੀ ਨੂੰ ਦੁਨੀਆ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗੁਰਬਾਣੀ ਦੇ ਹੁੰਦੇ ਪ੍ਰਸਾਰਣ ਨੂੰ ਹਰ ਇੱਕ ਲਈ ਮੁਫਤ ਕਰਨ ਦਾ ਇਤਿਹਾਸਕ ਫੈਸਲਾ ਕੀਤਾ ਗਿਆ ਹੈ। ਕੰਗ ਨੇ ਦੱਸਿਆ ਕਿ ਪਿਛਲੇ ਲਗਭਗ ਡੇਢ ਦਹਾਕੇ ਤੋਂ ਵੀ ਜ਼ਿਆਦਾ ਸਮੇਂ ਤੋਂ ਸ਼੍ਰੋਮਣੀ ਕਮੇਟੀ ਨੇ ਗੁਰਬਾਣੀ ਪ੍ਰਸਾਰਣ ਦੇ ਹੱਕ ਪੀਟੀਸੀ ਚੈਨਲ ਨੂੰ ਦੇ ਰੱਖੇ ਹਨ, ਜੋ ਕਿ ਸਭ ਜਾਣਦੇ ਹਨ ਕਿ ਕਿਸਦਾ ਚੈਨਲ ਹੈ! ਕੰਗ ਨੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਗਈ ਇੱਕ ਕਮੇਟੀ ਦੀ ਰਿਪੋਰਟ ਦੇ ਅਧਾਰ 'ਤੇ ਦੱਸਿਆ ਕਿ ਗੁਰਬਾਣੀ ਪ੍ਰਸਾਰਣ ਦੇ ਮੁਫਤ ਹੋਣ ਦੇ ਦਾਅਵੇ ਕਰਨ ਵਾਲਾ ਇਹ ਚੈਨਲ ਕਿਵੇਂ 16 ਸਾਲਾਂ ਵਿੱਚ ਆਪਣਾ ਵਪਾਰਕ ਵਾਧਾ ਤਿੰਨ ਕਰੋੜ ਤੋਂ ਇੱਕ ਹਜਾਰ ਕਰੋੜ ਰੁਪਏ ਤੱਕ ਲੈ ਗਿਆ। ਪੀਟੀਸੀ ਦੇ ਐੱਮ.ਡੀ ਵੱਲੋਂ ਗੁਰਬਾਣੀ ਨਾ ਵੇਚਣ

ਦੇ ਦਾਅਵਿਆਂ ਦਾ ਖੰਡਨ ਕਰਦਿਆਂ ਕੰਗ ਨੇ ਸਬੂਤ ਪੇਸ਼ ਕਰਦਿਆਂ ਕਿਹਾ ਕਿ ਭਰ ਵਿੱਚ ਵੱਸਦੇ ਸਿੱਖਾਂ ਅਤੇ ਪੰਜਾਬੀਆਂ ਨੂੰ ਗੁਰਬਾਣੀ ਸਰਵਣ ਕਰਨ ਲਈ ਪੀਟੀਸੀ ਦੀ ਐਪ ਡਾਊਨਲੋਡ ਕਰਨੀ ਪੈਂਦੀ ਹੈ ਜਾਂ ਇਸਦੀ ਸਬਸਕ੍ਰਿਪਸ਼ਨ ਲੈਣ ਵਾਸਤੇ ਵੱਖ-ਵੱਖ ਦੇਸ਼ਾਂ ਦੇ ਅਨੁਸਾਰ ਮਹੀਨਾਵਾਰ ਕੀਮਤਾਂ ਦੇਣੀਆਂ ਪੈਂਦੀਆਂ ਹਨ, ਫਿਰ ਗੁਰਬਾਣੀ ਪ੍ਰਸਾਰਣ ਫ੍ਰੀ ਕਿਵੇਂ ਰਹਿ ਗਿਆ! ਅਤੇ ਜੇਕਰ ਇਹ ਸੱਚਮੁੱਚ ਸਭ ਲਈ ਮੁਫਤ ਹੈ ਤਾਂ ਇਸਦਾ ਟੈਲੀਕਾਸਟ ਕਿਸੇ ਹੋਰ ਚੈਨਲ 'ਤੇ ਕਿਉਂ ਨਹੀਂ ਹੋ ਰਿਹਾ? ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸਵਾਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਮੁਫਤ ਗੁਰਬਾਣੀ ਪ੍ਰਸਾਰਣ ਦੇ ਮਾਨ ਵੱਲੋਂ ਕੀਤੇ ਫੈਸਲੇ ਨੂੰ ਪੰਥ 'ਤੇ ਹਮਲਾ ਕਿਸ ਆਧਾਰ ਉੱਪਰ ਕਰਾਰ ਦੇ ਰਹੇ ਹਨ? ਜਦਕਿ ਹਰ ਕੋਈ ਜਾਣਦਾ ਹੈ ਕਿ ਗੁਰਬਾਣੀ ਪ੍ਰਸਾਰਣ ਦੇ ਅਧਿਕਾਰ ਹਾਸਿਲ ਕਰ ਜਿੱਥੇ ਟੀ.ਆਰ.ਪੀ, ਇਸਤਿਹਾਰਬਾਜੀ ਆਦਿ ਰਾਹੀਂ ਨਿੱਜੀ ਚੈਨਲ ਅਤੇ ਇੱਕ ਪਰਵਾਰ ਨੇ ਕਰੋੜਾਂ ਕਮਾਏ, ਉੱਥੇ ਉਨ੍ਹਾਂ ਇਸਤੋਂ ਆਪਣੇ ਸੌੜੇ ਰਾਜਨੀਤਕ ਲਾਭ ਵੀ ਪ੍ਰਾਪਤ ਕੀਤੇ। ਸਿੱਖਾਂ ਦੀ ਇਸਤੋਂ ਵੱਡੀ ਤ੍ਰਾਸਦੀ ਕੀ ਹੋਵੇਗੀ ਕਿ ਪਿਛਲੇ ਸਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਪ੍ਰਸਾਰਣ ਲਈ ਆਪਣਾ ਚੈਨਲ ਬਣਾਉਣ ਦਾ ਆਦੇਸ਼ ਦਿੱਤਾ ਗਿਆ ਸੀ, ਪਰ ਬਜਾਏ ਉਸਨੂੰ ਮੰਨਣ ਦੇ ਅੱਜ ਸਿੰਘ ਸਾਹਿਬ ਨੂੰ ਹੀ ਅਹੁਦੇ ਤੋਂ ਲਾਂਭੇ ਕਰ ਦਿੱਤਾ ਗਿਆ। ਕੰਗ ਨੇ ਫਿਕਰ ਜਾਹਿਰ ਕਰਦਿਆਂ ਕਿਹਾ ਕਿ ਇਹ ਕਿੰਨੀ ਅਫਸੋਸ ਦੀ ਗੱਲ ਹੈ ਕਿ ਇੱਕ ਚੈਨਲ ਅਤੇ ਇੱਕ ਪਰਿਵਾਰ ਦੀ ਰਾਜਨੀਤੀ ਬਚਾਉਣ ਲਈ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੂਰੀ ਸ਼੍ਰੋਮਣੀ ਕਮੇਟੀ ਨੂੰ ਦੀ ਸਾਖ ਨੂੰ ਦਾਅ 'ਤੇ ਲਾ ਰੱਖਿਆ ਹੈ। ਅੰਤ ਵਿੱਚ ਕਰੋੜਾਂ ਸੰਗਤਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਗੁਰਬਾਣੀ ਦੇ ਸਭ ਲਈ ਮੁਫਤ ਪ੍ਰਸਾਰਣ ਦੇ ਮੁੱਖ-ਮੰਤਰੀ ਭਗਵੰਤ ਮਾਨ ਵੱਲੋਂ ਲਏ ਫੈਸਲੇ ਲਈ ਮਲਵਿੰਦਰ ਕੰਗ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਰਕਾਰ ਦਾ ਮਕਸਦ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਅਨੁਸਾਰ ਗੁਰਬਾਣੀ ਦੇ ਪ੍ਰਚਾਰ-ਪਸਾਰ ਨੂੰ ਘਰ-ਘਰ ਪਹੁੰਚਾਉਣਾ ਹੀ ਹੈ ਅਤੇ ਮਾਨ ਸਰਕਾਰ ਨੇ ਆਪਣਾ ਫਰਜ ਨਿਭਾ ਦਿੱਤਾ ਹੈ, ਹੁਣ ਇਹ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣਾ ਫਰਜ ਅਦਾ ਕਰੇ।

ਸ਼ਹਿਰ ਦੇ ਵਿਕਾਸ 'ਚ ਨਹੀਂ ਛੱਡੀ ਜਾਵੇਗੀ ਕੋਈ ਕਮੀ : ਬ੍ਰਮ ਸ਼ੰਕਰ ਜਿੰਪਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਹਰ ਵਾਰਡ ਵਿਚ ਲੋਕਾਂ ਨੂੰ ਹਰੇਕ ਜ਼ਰੂਰੀ ਸੁਵਿਧਾ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਾਰਡਾਂ ਵਿਚ ਵਿਕਾਸ ਕਾਰਜਾਂ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਹਰ ਜ਼ਰੂਰੀ ਮੰਗ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ। ਉਹ ਵਾਰਡ ਨੰਬਰ 12 ਵਿਚ ਕਮਿਊਨਿਟੀ ਹਾਲ ਦੇ ਕਾਰਜ ਦੀ ਸ਼ੁਰੂਆਤ ਕਰਵਾਉਣ ਦੌਰਾਨ ਮੁਹੱਲਾ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਕਮਿਊਨਿਟੀ ਹਾਲ ਲਈ ਕੈਬਨਿਟ ਮੰਤਰੀ ਵਲੋਂ 5 ਲੱਖ ਰੁਪਏ ਦਿੱਤੇ ਗਏ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਕਮਿਊਨਿਟੀ ਹਾਲ ਦੇ ਨਿਰਮਾਣ ਵਿਚ ਉਨ੍ਹਾਂ ਵਲੋਂ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ ਵੀ ਮੌਜੂਦ ਸਨ।

ਯੋਗ ਨੂੰ ਰੋਜ਼ਾਨਾ ਦੀ ਜ਼ਿੰਦਗੀ ਦਾ ਬਣਾਓ ਹਿੱਸਾ : ਜੌਹਲ

ਹੁਸ਼ਿਆਰਪੁਰ, (ਓ ਪੀ ਰਾਣਾ)

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਦੀ ਨਿਗਰਾਨੀ ਹੇਠ ਜ਼ਿਲ੍ਹਾ ਪੱਧਰੀ ਅਤੇ ਸਬ-ਡਵੀਜ਼ਨਾਂ ਵਿਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪਲਵਿੰਦਰਜੀਤ ਕੌਰ, ਸਿਵਲ ਜੱਜ ਜੂਨੀਅਰ ਡਵੀਜ਼ਨ ਰਿੰਕੀ ਅਗਨੀਹੋਤਰੀ, ਸਿਵਲ ਜੱਜ ਜੂਨੀਅਰ ਡਵੀਜ਼ਨ ਕੇਸ਼ਵ ਅਗਨੀਹੋਤਰੀ ਅਤੇ ਹੋਰ ਜੱਜ ਸਾਹਿਬਾਨ ਵਲੋਂ ਨਵੇਂ ਜ਼ਿਲ੍ਹਾ ਤੇ ਸੈਸ਼ਨ ਕੋਰਟ ਕੰਪਲੈਕਸ ਵਿਚ ਕਰਵਾਏ ਗਏ ਯੋਗ ਦਿਵਸ ਸਮਾਗਮ ਵਿਚ ਹਿੱਸਾ ਲਿਆ ਗਿਆ। ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਨੇ ਇਸ ਦੌਰਾਨ ਸਾਰਿਆਂ ਨੂੰ ਯੋਗ ਦਾ ਮਹੱਤਵ ਦੱਸਦੇ ਹੋਏ ਕਿਹਾ ਕਿ ਯੋਗ ਨੂੰ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾ ਕੇ ਅਸੀਂ ਮਾਨਸਿਕ ਤੇ ਸਰੀਰਕ ਰੂਪ ਵਿਚ ਕਾਫ਼ੀ ਮਜ਼ਬੂਤ ਹੋ ਸਕਦੇ ਹਾਂ। ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਸੀ.ਜੇ.ਐਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਪਰਾਜਿਤਾ ਜੋਸ਼ੀ ਨੇ ਦੱਸਿਆ ਕਿ ਸਮਾਗਮ ਦੌਰਾਨ ਆਰਟ ਆਫ਼ ਲਿਵਿੰਗ ਹੁਸ਼ਿਆਰਪੁਰ ਤੋਂ ਯੋਗ ਇੰਸਟਰੱਕਟਰ ਬ੍ਰਜੇਸ਼ ਨਾਕੜਾ ਅਤੇ ਮੀਨੂ ਨਾਕੜਾ ਨੇ ਰੋਜ਼ਾਨਾ ਜੀਵਨ ਵਿਚ ਯੋਗ ਕਰਨ ਦੇ ਲਾਭਾਂ ਬਾਰੇ ਜਾਗਰੂਕ ਕੀਤਾ। ਉਨ੍ਹਾਂ ਸਾਰਿਆਂ ਨੂੰ ਯੋਗ ਕਿਰਿਆਵਾਂ ਤੇ

ਉਨ੍ਹਾਂ ਦੇ ਲਾਭਾਂ ਬਾਰੇ ਦੱਸਦੇ ਹੋਏ ਕਿਹਾ ਕਿ ਯੋਗ ਅਭਿਆਸ ਇਕ ਸਿਹਤਮੰਦ ਸਰੀਰ ਅਤੇ ਦਿਮਾਗ ਲਈ ਕੰਮ ਅਤੇ ਤਣਾਅ ਨੂੰ ਘਟਾਉਂਣ ਲਈ ਨਿਰੰਤਰ ਲਾਭ ਪਹੁੰਚਾਉਂਦੇ ਹਨ। ਉਨ੍ਹਾਂ ਹਿੱਸਾ ਲੈਣ ਵਾਲਿਆਂ ਨੂੰ ਯੋਗ ਆਸਣ, ਕਪਾਲਭਾਤੀ, ਪ੍ਰਾਣਿਆਮ, ਅਨੁਲੋਮ-ਵਿਲੋਮ, ਧਿਆਨ ਅਤੇ ਸੰਕਲਪ ਤੋਂ ਜਾਣੂ ਕਰਵਾਇਆ। ਇਸ ਮੌਕੇ ਐਡਵੋਕੇਟ ਵਿਸ਼ਾਲ ਨੰਦਾ, ਮਲਕੀਤ ਸਿੰਘ ਸੀਕਰੀ, ਸਮੂਹ ਜੁਡੀਸ਼ੀਅਲ ਸਟਾਫ਼ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨ (ਦਸੂਹਾ, ਮੁਕੇਰੀਆਂ ਤੇ ਗੜ੍ਹਸ਼ੰਕਰ) ਪੱਧਰ 'ਤੇ 7 ਜੱਜ ਅਤੇ 149 ਸਟਾਫ਼ ਮੈਂਬਰਾਂ ਅਤੇ ਐਡਵੋਕੇਟਾਂ ਨੇ ਹਿੱਸਾ ਲਿਆ।

ਡਾਕਟਰਾਂ ਦੀ ਘਾਟ ਕਾਰਨ ਮਰੀਜ਼ ਹੋ ਰਹੇ ਖੱਜਲ-ਖੁਆਰ : ਧੀਮਾਨ

ਮਾਹਿਲਪੁਰ (ਸਫਰੀ)

ਪੰਜਾਬ ਸਰਕਾਰ ਲੋਕਾਂ ਨੂੰ ਸਮੇਂ ਸਿਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੈ। ਮਾਹਿਲਪੁਰ-ਹੁਸ਼ਿਆਰਪੁਰ ਰੋਡ ਉਤੇ ਸਥਿਤ ਬਣੇ ਕਮਿਊਨਿਟੀ ਹੈਲਥ ਸੈਂਟਰ ਨੂੰ ਇਸ ਸਮੇਂ ਚਲਾਉਣ ਲਈ ਇਕ ਹੀ ਡਾਕਟਰ ਉਪਲਬਧ ਹੈ ਤੇ ਉਹ ਵੀ ਐਸ ਐਮ ਓ ਖੁਦ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਤਰਲੋਚਨ ਸਿੰਘ ਨੇ ਕਿਹਾ ਕਿ ਸਟਾਫ ਵੀ ਵੱਡੀ ਘਾਟ ਇਲਾਕੇ ਲਈ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਸ਼ਾਮ ਨੂੰ 2 ਵਜੇ ਤੋਂ ਲੈ ਕੇ 8 ਵਜੇ ਦੇ ਰੋਸਟਰ ਵਿਚ ਕੋਈ ਵੀ ਡਾਕਟਰ ਉਪਲਬਧ ਨਹੀਂ ਹੁੰਦਾ। ਲੋਕ ਅਨੇਕਾਂ ਬੀਮਾਰੀਆਂ ਦੇ ਤੇਜੀ ਨਾਲ ਸ਼ਿਕਾਰ ਹੋ ਰਹੇ ਹਨ। ਮਰੀਜ 4-4 ਘੰਟੇ ਆਪਣੀ ਵਾਰੀ ਆਉਣ ਦਾ ਇੰਤਜਾਰ ਕਰਦੇ ਰਹਿੰਦੇ ਹਨ। ਧੀਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਹਸਪਤਾਲ ਨੂੰ ਬਚਾਉਣ ਲਈ ਲਾਮਬੰਦ ਹੋਣ ਤੇ ਸਟਾਫ ਪੂਰਾ ਕਰਵਾਉਣ ਲਈ ਅਵਾਜ ਬੁਲੰਦ ਕਰਨ।

ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ ਪਾਰਕ 'ਚ ਯੋਗਾ ਦਿਵਸ ਮਨਾਇਆ

ਕਾਲਾ ਸੰਘਿਆਂ (ਮਨਜੀਤ ਮਾਨ)- ਜ਼ਿਲ੍ਹਾ ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਦੇ ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ ਦੇ ਪਾਰਕ ਵਿੱਚ ਉੱਘੇ ਸਮਾਜ ਪੰਡਿਤ ਰਾਕੇਸ਼ ਕੁਮਾਰ ਦੀ ਯੋਗ ਅਗਵਾਈ ਹੇਠ ਯੋਗਾ ਦਿਵਸ ਮਨਾਇਆ ਗਿਆ। ਪੰਡਿਤ ਨੇ ਕਿਹਾ ਕਿ ਯੋਗਾ ਕਰਨ ਨਾਲ ਮਨੁੱਖ ਦਾ ਸਰੀਰ ਰਿਸ਼ਟਪੁਸ਼ਟ ਰਹਿੰਦਾ ਹੈ ਤੇ ਲੋਕਾਂ ਨੂੰ ਹਰ ਰੋਜ ਯੋਗਾ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਹਰਪਾਲ ਸਿੰਘ ਪਾਲਾ ਟੇਲਰ, ਨੰਬਰਦਾਰ ਸੰਜੀਵ ਕੁਮਾਰ ਹੈਪੀ, ਰਾਜੂ ਪੰਡਿਤ, ਸ਼ਸ਼ੀਕਾਂਤ ਭਾਰਗਵ, ਸ਼ਾਮ ਕੁਮਾਰ, ਭਾਰਗਵ, ਵਿਕਰਾਂਤ, ਸੰਨੀ ਸ਼ਰਮਾ, ਹਨੀ ਸ਼ਰਮਾ, ਸੋਨੀ ਟੇਲਰ, ਲਵਲੀ ਜੋਸ਼ੀ, ਪ੍ਰਿੰਸ ਤੇ ਜੱਸੂ ਤੋਂ ਇਲਾਵਾ ਹੋਰ ਆਗੂਆਂ ਨੇ ਯੋਗਾ ਦਿਵਸ ਵਿੱਚ ਭਾਗ ਲਿਆ।

ਪੰਜਾਬ ਤੇ ਹਰਿਆਣਾ ਹਾਈਕੋਰਟ ਵਿਖੇ ਯੋਗ ਦਿਵਸ ਮਨਾਇਆ

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਮਾਨਯੋਗ ਜਸਟਿਸ ਰਵੀ

ਸੰਕਰ ਝਾਅ ਦੀ ਅਗਵਾਈ ਹੇਠ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਹ ਦਿਵਸ ਕਾਨੂੰਨ ਤੇ ਨਿਆਂ ਮੰਤਰਾਲੇ ਅਤੇ ਆਯੂਸ਼, ਭਾਰਤ ਸਰਕਾਰ, ਨਵੀਂ ਦਿੱਲੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਨਾਇਆ ਗਿਆ। ਇਸ ਸਮਾਗਮ ਵਿੱਚ ਜੱਜਾਂ, ਐਡਵੋਕੇਟ ਜਨਰਲਾਂ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸਨ ਦੇ ਮੈਂਬਰਾਂ, ਹਾਈ ਕੋਰਟ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੇ ਭਾਗ ਲਿਆ ਅਤੇ ਵੱਖ-ਵੱਖ ਯੋਗ ਆਸਣ ਅਤੇ ਧਿਆਨ ਕਰਨ ਲਈ ਭਾਰੀ ਉਤਸ਼ਾਹ ਦਿਖਾਇਆ। ਇਸ ਮੌਕੇ ਭਾਗੀਦਾਰਾਂ ਨੂੰ ਯੋਗ ਦੇ ਲਾਭਾਂ ਬਾਰੇ ਜਾਣੂ ਕਰਵਾਇਆ ਗਿਆ। ਯੋਗ ਪ੍ਰਾਚੀਨ ਭਾਰਤੀ ਪਰੰਪਰਾ ਦਾ ਇੱਕ ਅਨਮੋਲ ਤੋਹਫਾ ਹੈ ਅਤੇ ਇਹ ਸਰੀਰਕ ਵਿਕਾਸ ਅਤੇ ਮਾਨਸਿਕ ਆਰਾਮ ਦੇ ਨਾਲ-ਨਾਲ ਸਮਰਥਾ, ਲਚਕਤਾ ਅਤੇ ਪ੍ਰਤੀਰੋਧਕ ਸ਼ਕਤੀ ਦੇ ਵਿਕਾਸ ਵਿੱਚ ਸਹਾਇਕ ਹੁੰਦਾ ਹੈ। ਲੋਕਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਗੰਭੀਰ ਤਣਾਅ ਵਿੱਚ ਹੋਣ ਕਾਰਨ ਮੌਜੂਦਾ ਸਮੇਂ ਇਸ ਦਾ ਖਾਸ ਮਹੱਤਵ ਹੈ। ਉਨ੍ਹਾਂ ਕਿਹਾ ਕਿ ਯੋਗ ਸਿਰਫ਼ ਕਸਰਤ ਨਹੀਂ ਸਗੋਂ ਆਪਣੇ ਆਪ ਨੂੰ ਸੰਸਾਰ ਅਤੇ ਕੁਦਰਤ ਨਾਲ ਜੋੜਨਾ ਹੈ। ਅੰਤਰਰਾਸ਼ਟਰੀ ਯੋਗਾ ਦਿਵਸ ਹਰ ਸਾਲ 21 ਜੂਨ ਨੂੰ ਮਨਾਇਆ ਜਾਂਦਾ ਹੈ ਅਤੇ ਇਸ ਸਾਲ ਇਹ ਦਿਹਾੜਾ ਪੂਰੇ ਭਾਰਤ ਵਿੱਚ ਯੋਗ ਨੂੰ "ਹਰ ਘਰ ਆਂਗਨ" ਤੱਕ ਪਹੁੰਚਾਉਣ, ਹਰ ਵਿਅਕਤੀ ਦੀ ਰੋਜਾਨਾ ਰੁਟੀਨ ਦਾ ਹਿੱਸਾ ਬਣਾਉਣ, ਯੋਗ ਦੀ ਮਹੱਤਤਾ ਉਜਾਗਰ ਕਰਨ ਅਤੇ "ਜਨਤਕ ਸਿਹਤ" ਲਈ ਸਰੀਰ ਅਤੇ ਦਿਮਾਗ ਨੂੰ ਤੰਦਰੁਸਤ ਰੱਖਣ ਸਬੰਧੀ ਲਾਭ ਉਜਾਗਰ ਕਰਨ ਦੇ ਉਦੇਸ਼ ਨਾਲ ਮਨਾਇਆ ਜਾ ਰਿਹਾ ਹੈ।

ਨਜਾਇਜ਼ ਮਾਈਨਿੰਗ ਕਰਦੀ ਟਰੈਕਟਰ-ਟਰਾਲੀ ਕਾਬੂ

ਫਿਲੌਰ (ਨਿਰਮਲ)

ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ ਨੇ ਦੱਸਿਆ ਕਿ ਸਬ-ਇਸਪੈਕਟਰ ਮਹਿੰਦਰ ਪਾਲ ਮੁੱਖ ਅਫਸਰ ਥਾਣਾ ਬਿਲਗਾ ਸਮੇਤ ਪੁਲਸ ਪਾਰਟੀ ਸਮੇਤ ਮਾਇਨਿੰਗ ਟੀਮਾਂ ਨੂੰ ਹਮਰਾਹ ਲੈ ਕੇ ਰੇਤਾ ਦੀ ਗੈਰ ਕਾਨੂੰਨੀ ਨਿਕਾਸੀ ਕਰਨ ਵਾਲੇ ਵਿਅਕਤੀਆ ਸਬੰਧੀ ਮੰਡ ਏਰੀਆ ਵਿਖੇ ਰੇਡ ਕੀਤਾ ਗਿਆ। ਜਦ ਪੁਲਸ ਪਾਰਟੀ ਸਮੇਤ ਮਾਇਨਿੰਗ ਟੀਮ ਪਿੰਡ ਬੁਰਜ ਹਸਨ ਮੰਡ ਏਰੀਆ ਵਿਖੇ

23-JUNE-PAGE-10.qxd 6/22/2023 10:05 PM Page 1

ਮੀਡੀਏ ਨੂੰ ਵਿਕਾਊ ਕਹਿਣ 'ਤੇ ਸੁਖਪਾਲ ਖਹਿਰਾ ਦਾ ਫੂਕਿਆ ਪੁਤਲਾ

ਕੋਟਕਪੂਰਾ, (ਰਛਪਾਲ ਭੁੱਲਰ) ਪੰਜਾਬ-ਚੰਡੀਗੜ੍ਹ ਜਰਨਲਿਸਟ ਯੂਨੀਅਨ ਬਲਾਕ ਕੋਟਕਪੂਰਾ ਦੀ ਅਗਵਾਈ ਵਿੱਚ ਵੱਖ-ਵੱਖ ਟੀਵੀ ਚੈਨਲਾਂ, ਪ੍ਰਿੰਟ ਅਤੇ ਸੋਸ਼ਲ ਮੀਡੀਏ ਨਾਲ ਜੁੜੇ ਪੱਤਰਕਾਰਾਂ ਨੇ ਬੱਤੀਆਂ ਵਾਲਾ ਚੌਕ 'ਚ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਦਾ ਪੁਤਲਾ ਫੂਕਦਿਆਂ ਸੁਖਪਾਲ ਖਹਿਰਾ ਮੁਰਦਾਬਾਦ ਤੇ ਸਾਡਾ ਏਕਾ ਜ਼ਿੰਦਾਬਾਦ ਦੀ ਨਾਅਰੇਬਾਜ਼ੀ ਕੀਤੀ।

ਯੂਨੀਅਨ ਦੇ ਪ੍ਰਧਾਨ ਹਰਪ੍ਰੀਤ ਸਿੰਘ ਚਾਨਾ, ਚੇਅਰਮੈਨ ਗੁਰਿੰਦਰ ਸਿੰਘ ਮਹਿਦੀਰੱਤਾ, ਸਰਪ੍ਰਸਤ ਨਰਿੰਦਰ ਬੈੜ ਤੇ ਜਨਰਲ ਸਕੱਤਰ ਮੋਹਰ ਸਿੰਘ ਗਿੱਲ ਨੇ ਆਖਿਆ ਕਿ ਸੁਖਪਾਲ ਖਹਿਰਾ ਨੂੰ ਸੀਨੀਅਰ ਪੱਤਰਕਾਰ ਨਪਿੰਦਰ ਸਿੰਘ ਬਰਾੜ ਖਿਲਾਫ ਭੱਦੀ ਟਿੱਪਣੀ ਕਰਨ ਅਤੇ ਉਕਤ ਬਹਿਸ ਦੀ ਆੜ 'ਚ ਸਮੁੱਚੇ ਮੀਡੀਏ ਨੂੰ ਵਿਕਾਊ ਮੀਡੀਆ ਕਹਿਣ ਦਾ ਕੋਈ ਅਧਿਕਾਰ ਨਹੀਂ, ਕਿਉਂਕਿ ਵਾਰ ਵਾਰ ਪਾਰਟੀਆਂ ਬਦਲ ਕੇ ਆਪਣੀ ਹਾਲਤ ਹਾਸੋਹੀਣੀ ਬਣਾਉਣ ਵਾਲੇ ਸੁਖਪਾਲ ਖਹਿਰਾ ਨੂੰ ਪਹਿਲਾਂ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਕਿ ਉਸ ਨੇ ਅਕਾਲੀ-ਭਾਜਪਾ ਗਠਜੋੜ ਤੋਂ ਬਾਅਦ ਕਾਂਗਰਸ ਅਤੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਤੋਂ ਬਾਅਦ ਆਪਣੀ ਪਾਰਟੀ ਬਣਾਈ ਅਤੇ ਫਿਰ ਕਾਂਗਰਸ 'ਚ ਸ਼ਾਮਲ ਹੋਣ 'ਚ ਦੇਰ ਨਾ ਲਾਈ, ਕਈ ਬਣੇ ਨਵੇਂ ਵਿਧਾਇਕਾਂ ਅਰਥਾਤ ਅਨਾੜੀ ਸਿਆਸਤਦਾਨਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ।

ਪੰਜਾਬ-ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਰਾਸ਼ਟਰੀ ਪ੍ਰਧਾਨ ਬਲਵੀਰ ਸਿੰਘ ਜੰਡੂ ਤੇ ਚੇਅਰਮੈਨ ਬਲਵਿੰਦਰ ਸਿੰਘ ਜੰਮੂ ਨੇ ਵੀ ਸੁਖਪਾਲ ਖਹਿਰਾ ਨੂੰ ਮੀਡੀਏ 'ਤੇ ਉਂਗਲ ਚੁੱਕਣ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠਾਂ ਸੋਟਾ ਮਾਰਨ ਦੀ ਨਸੀਅਤ ਦਿੱਤੀ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮੇਘਰਾਜ ਸ਼ਰਮਾ, ਡਾ. ਸੁਰਿੰਦਰ ਦਿਵੇਦੀ, ਜਸਵਿੰਦਰ ਜੈਤੋ, ਤਰਸੇਮ ਬਿੱਟਾ, ਚਮਨ ਗਰਗ ਰਿੰਕੀ, ਮਲਕੀਤ ਸਿੰਘ, ਕੇ.ਸੀ. ਸੰਜੇ, ਬਲਜਿੰਦਰ ਸਿੰਘ ਬੱਲੀ, ਚੰਦਰ ਗਰਗ, ਰਾਜੇਸ਼ ਗੁਲਜਾਰ ਆਦਿ ਸਮੇਤ ਹੋਰ ਵੀ ਅਨੇਕਾਂ ਇਨਸਾਫ਼ ਪਸੰਦ ਸ਼ਖ਼ਸੀਅਤਾਂ ਹਾਜ਼ਰ ਸਨ।

ਬਿਜਲੀ ਮੰਤਰੀ ਦੀ ਕੋਠੀ ਅੱਗੇ ਦਿੱਤਾ ਜਾਵੇਗਾ ਧਰਨਾ

ਹਨੂਰ (ਨਛੱਤਰ ਸੰਧੂ) ਪੀ ਐਸ ਈ ਬੀ ਇਪੰਲਾਈਜ ਫੈਡਰੇਸ਼ਨ ਏਟਕ ਡਵੀਜਨ ਰਾਏਕੋਟ ਵਿਖੇ ਸਬ ਡਵੀਜ਼ਨ ਬੱਸੀਆਂ, ਸਬ ਡਵੀਜ਼ਨ ਰੂਮੀ,ਸਬ ਡਵੀਜਨ ਰਾਏਕੋਟ, ਸਬ ਡਵੀਜ਼ਨ ਲੱਖਾ ਤੋਂ ਆਏ ਸਾਥੀਆਂ ਨੇ ਡਵੀਜ਼ਨ ਪ੍ਰਧਾਨ ਹਰਵਿੰਦਰ ਸਿੰਘ ਲਾਲੂ, ਡਵੀਜ਼ਨ ਸਕੱਤਰ ਬਲਵਿੰਦਰ ਸਿੰਘ ਸੱਤੋਵਾਲ ਦੀ ਅਗਵਾਈ ਵਿੱਚ 295/2019 ਦੇ ਸਹਾਇਕ ਲਾਈਨਮੈਨਾਂ ਦੇ ਹੱਕ ਵਿੱਚ ਭੁੱਖ ਹੜਤਾਲ 'ਤੇ ਬੈਠੇ ਸਾਥੀ ਸਕੱਤਰ ਜਗਮੋਹਣ ਸਿੰਘ ਛੱਜਾਵਾਲ (ਬੱਸੀਆਂ), ਰਵਿੰਦਰ ਸ਼ਰਮਾ ਰੂਮੀ, ਰਮੇਸ਼ ਕੁਮਾਰ ਕੈਸੀਅਰ ਲੱਖਾ, ਰਾਜਵਿੰਦਰ ਸਿੰਘ ਰਾਏਕੋਟ, ਹਰਪ੍ਰੀਤ ਸਿੰਘ ਬੱਸੀਆਂ, ਡਵੀਜ਼ਨ ਕੈਸ਼ੀਅਰ ਕਰਮਿੰਦਰ ਸਿੰਘ ਤਲਵੰਡੀ, ਸਬ ਡਵੀਜ਼ਨ ਕੈਸ਼ੀਅਰ ਗੁਰਜੀਤ ਸਿੰਘ ਲੰਮੇ, ਸੁਖਜੀਤ ਸਿੰਘ ਸੰਘੇੜਾ, ਜਸਵਿੰਦਰ ਸਿੰਘ ਰਾਏਕੋਟ, ਗੋਰਖ ਨਾਥ ਰਾਏਕੋਟ, ਗੁਰਮੀਤ ਸਿੰਘ ਕਮਾਲਪੁਰਾ, ਸਹਾਇਕ ਕੈਸੀਅਰ ਜਗਜੀਤ ਸਿੰਘ ਢੇਸੀ, ਪ੍ਰਧਾਨ ਸਰਬਜੀਤ ਸਿੰਘ ਰਾਏਕੋਟ, ਦਵਿੰਦਰ ਸਿੰਘ ਰਾਏਕੋਟ ਸਕੱਤਰ ਸਤਨਾਮ ਸਿੰਘ ਲੱਖਾ, ਮਨਪ੍ਰੀਤ ਸਿੰਘ ਰਟੋਲ ਹਾਜ਼ਰ ਸਨ। ਸਕੱਤਰ ਜਗਮੋਹਣ ਸਿੰਘ ਛੱਜਾਵਾਲ ਵੱਲੋਂ ਦੱਸਿਆ ਗਿਆ ਕਿ 23 ਜੂਨ ਤੱਕ ਭੁੱਖ ਹੜਤਾਲ ਜਾਰੀ ਰਹੇਗੀ ਤੇ 24 ਜੂਨ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ ਦਿੱਤਾ ਜਾਵੇਗਾ।

ਮਾਤਾ ਗੁਜਰੀ ਕਾਲਜ 'ਚ ਅਕਾਦਮਿਕ ਕੌਂਸਲ ਮੀਟਿੰਗ

ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਵਿਖੇ ਅਕਾਦਮਿਕ ਕੌਂਸਲ ਦੇ ਚੇਅਰਪਰਸਨ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਦੀ ਅਗਵਾਈ ਅਧੀਨ ਕਾਲਜ ਦੀ ਅਕਾਦਮਿਕ ਕੌਂਸਲ ਦੀ 14ਵੀਂ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਨਵੇਂ ਵਿੱਦਿਅਕ ਸੈਸ਼ਨ 2023-2024 ਲਈ ਤਿਆਰ ਕੀਤੇ ਸਿਲੇਬਸ ਨੂੰ ਪਾਸ ਕਰਾਇਆ ਗਿਆ ਅਤੇ ਮਾਹਿਰਾਂ ਦੁਆਰਾ ਵੱਖ-ਵੱਖ ਕੋਰਸਾਂ ਦੇ ਸਿਲੇਬਸ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਨਵੇਂ ਕਿੱਤਾਮੁਖੀ ਕੋਰਸਾਂ ਨੂੰ ਪ੍ਰਵਾਨਗੀ ਦਿੱਤੀ ਗਈ।

ਮੀਟਿੰਗ ਵਿੱਚ ਵੱਖ-ਵੱਖ ਅਕਾਦਮਿਕ ਖੇਤਰਾਂ ਦੇ ਵਿਸ਼ਾ ਮਾਹਿਰਾਂ ਨੇ ਸ਼ਿਰਕਤ ਕੀਤੀ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖਿਆ ਨਿਰਦੇਸ਼ਕ ਦੇ ਸਲਾਹਕਾਰ ਤੇ ਡਾਇਰੈਕਟਰ ਗੁਰੂ ਨਾਨਕ ਕਾਲਜ ਬੁਢਲਾਡਾ ਡਾ. ਕੁਲਦੀਪ ਸਿੰਘ ਬੱਲ, ਸੈਂਟਰਲ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼ ਤੋਂ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਸੰਜੀਵ ਗੁਪਤਾ, ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਤੋਂ ਇਲੈਕਟ੍ਰੀਕਲ ਇੰਜਨੀਅਰਿੰਗ ਦੇ ਪ੍ਰੋਫੈਸਰ ਅਤੇ ਡੀਨ ਅਕਾਦਮਿਕ ਮਾਮਲੇ ਡਾ. ਲਖਵਿੰਦਰ ਸਿੰਘ, ਡਿਸਟ੍ਰਿਕਟ ਕੋਰਟ ਤੋਂ ਐਡਵੋਕੇਟ ਗਗਨਦੀਪ ਸਿੰਘ ਵਿਰਕ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਰਥ ਸਾਸਤਰ ਵਿਭਾਗ ਤੋਂ ਡਾ. ਜਸਵਿੰਦਰ ਸਿੰਘ ਬਰਾੜ ਅਤੇ ਕੰਪਿਊਟਰ ਸਾਇੰਸ ਵਿਭਾਗ ਤੋਂ ਡਾ. ਹਿਮਾਂਸ਼ੂ ਸ਼ਾਮਲ ਸਨ।

ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਅਕਾਦਮਿਕ ਕੌਂਸਲ ਦੀ ਮੀਟਿੰਗ ਵਿੱਚ ਹਾਜਰ ਸਭ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਹਰ ਆਟੋਨੋਮਸ ਕਾਲਜ ਕੋਲ ਇਹ ਅਧਿਕਾਰ ਹੁੰਦਾ ਹੈ ਕਿ ਉਹ ਵਰਤਮਾਨ ਸਮੇਂ ਦੀਆਂ ਸਮਾਜਿਕ ਤੇ ਆਰਥਿਕ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਅਜਿਹੇ ਨਵੇਂ ਕੋਰਸ ਉਲੀਕੇ, ਜੋ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦਾ ਨਿਰਮਾਣ ਕਰ ਸਕਣ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਕਰ ਸਕਣ।

ਉਨ੍ਹਾਂ ਕਿਹਾ ਕਿ ਮਾਤਾ ਗੁਜਰੀ ਕਾਲਜ ਕਾਲਜ ਇੱਕ ਮਹਾਨ ਸਿੱਖਿਆ ਸੰਸਥਾ ਹੈ, ਜਿਸ ਨੇ ਨੈਕ ਵੱਲੋਂ ਲਗਾਤਾਰ ਤਿੰਨ ਵਾਰ ਏ ਗਰੇਡ ਤੇ ਅਟੌਨੋਮਸ ਸਟੇਟਸ, ਪੰਜਾਬ ਸਟੇਟ ਕਾਊਂਸਲ ਫਾਰ ਐਗਰੀਕਲਚਰ ਐਜੂਕੇਸ਼ਨ ਵੱਲੋਂ ਮਾਨਤਾ, ਭਾਰਤ ਸਰਕਾਰ ਦੇ ਡੀ.ਬੀ.ਟੀ. ਮੰਤਰਾਲੇ ਦੀ ਸਕੀਮ ਤਹਿਤ ਸਟਾਰ ਕਾਲਜ ਦਾ ਮਾਣਮੱਤਾ ਰੁਤਬਾ ਅਤੇ ਅਨੇਕਾਂ ਮਾਨ-ਸਨਮਾਨ ਹਾਸਲ ਕਰਨ ਤੋਂ ਇਲਾਵਾ ਪਿਛਲੇ ਸਾਲ ਅੰਤਰ ਖੇਤਰੀ ਅਤੇ ਖੇਤਰੀ ਯੁਵਕ ਮੇਲਿਆਂ ਤੇ ਲੋਕ ਮੇਲਿਆਂ ਦੀ ਓਵਰਆਲ ਟਰਾਫ਼ੀ ਜਿੱਤ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ।

ਇਸ ਮੌਕੇ ਅਕਾਦਮਿਕ ਕੌਂਸਲ ਦੇ ਮੈਂਬਰ ਸਕੱਤਰ ਪ੍ਰੋ. ਪ੍ਰਦੀਪ ਕੌਰ ਸੰਧੂ ਵੱਲੋਂ ਅਕਾਦਮਿਕ ਕੌਂਸਲ ਦੀ ਮੀਟਿੰਗ ਦਾ ਏਜੰਡਾ ਪੜ੍ਹਿਆ ਗਿਆ। ਕਾਲਜ ਦੇ ਡੀਨ ਅਕਾਦਮਿਕ ਮਾਮਲਿਆਂ ਡਾ. ਕਮਲਪ੍ਰੀਤ ਕੌਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਮੀਟਿੰਗ ਦੌਰਾਨ ਕਈ ਨਵੇਂ ਕੋਰਸਾਂ ਨੂੰ ਮੀਟਿੰਗ ਵਿੱਚ ਮੌਜੂਦ ਉੱਘੇ ਮਾਹਿਰਾਂ ਦੁਆਰਾ ਵਿਚਾਰ ਵਟਾਂਦਰਾ ਕਰਨ ਮਗਰੋਂ ਪ੍ਰਵਾਨਗੀ ਦੇ ਦਿੱਤੀ ਗਈ। ਇਸ ਮੀਟਿੰਗ ਦੌਰਾਨ ਰਾਸਟਰੀ ਸਿੱਖਿਆ ਨੀਤੀ 2020 ਦੇ ਵੱਖ-ਵੱਖ ਮਹੱਤਵਪੂਰਨ ਪਹਿਲੂਆਂ, ਸਿੱਖਿਆ ਪ੍ਰਬੰਧ ਨੂੰ ਸਮੇਂ ਦੇ ਹਾਣ ਦਾ ਬਣਾਉਣਾ, ਵਿਦਿਆਰਥੀਆਂ ਨੂੰ ਵਿਹਾਰਕ ਸਿੱਖਿਆ ਪ੍ਰਦਾਨ ਕਰਨਾ, ਵਿਸ਼ਿਆਂ ਦੀ ਚੋਣ ਵਿੱਚ ਲਚਕੀਲਾਪਣ, ਪ੍ਰੀਖਿਆਵਾਂ ਵਿੱਚ ਸੁਧਾਰ, ਵਿਦਿਆਰਥੀ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ, ਵਿਦੇਸ਼ੀ ਸਿੱਖਿਆ ਸੰਸਥਾਵਾਂ ਨਾਲ ਸਮਝੌਤੇ ਆਦਿ ਮਹੱਤਵਪੂਰਨ ਵਿਸ਼ਿਆਂ ਉੱਪਰ ਵੀ ਉਸਾਰੂ ਵਿਚਾਰ-ਵਟਾਂਦਰਾ ਕੀਤਾ ਗਿਆ।

ਕਾਤਰਾਂ

ਵਿਸ਼ਵ ਯੋਗ ਦਿਵਸ 'ਤੇ ਪੁਲਸ ਜ਼ਿਲ੍ਹਾ ਲੁਧਿਆਣਾ ਦੇਹਾਤੀ ਵੱਲੋਂ ਯੋਗ ਸੈਮੀਨਾਰ

ਜਗਰਾਉਂ (ਅਮਿਤ ਖੰਨਾ) - ਵਿਸ਼ਵ ਵਾਤਾਵਰਨ ਦਿਵਸ ਮੌਕੇ ਪੁਲਸ ਜ਼ਿਲ੍ਹਾ ਲੁਧਿਆਣਾ ਦੇਹਾਤੀ ਵੱਲੋਂ ਐਸ ਐਸ ਪੀ ਨਵਨੀਤ ਸਿੰਘ ਬੈਂਸ ਦੀ ਯੋਗ ਅਗਵਾਈ ਹੇਠ ਪੁਲਸ ਅਫਸਰਾਂ ਅਤੇ ਕਰਮਚਾਰੀਆਂ ਲਈ ਸਾਂਝ ਕੇਂਦਰ ਦੇ ਸਹਿਯੋਗ ਨਾਲ ਜੀ.ਐਚ.ਜੀ.ਅਕੈਡਮੀ, ਜਗਰਾਉਂ ਵਿੱਚ ਯੋਗਾ ਕੈਂਪ ਲਗਾਇਆ ਗਿਆ। ਮੌਕੇ ਐਸ ਪੀ ਮਾਨਵਿੰਦਰ ਵੀਰ ਸਿੰਘ, ਐਸ ਪੀ ਪਰਮਾਰ, ਡੀ ਐਸ ਪੀ ਸਤਵਿੰਦਰ ਸਿੰਘ ਵਿਰਕ, ਡੀ ਐਸ ਪੀ ਰਾਏਕੋਟ ਰਸ਼ਪਾਲ ਸਿੰਘ, ਡੀ ਐਸ ਪੀ ਜਸਪਾਲ ਸਿੰਘ , ਐਸ ਐਚ ਓ ਸਦਰ, ਟੋਨੀ ਵਰਮਾ, ਕੈਪਟਨ ਨਰੇਸ਼ ਵਰਮਾ ਅਤੇ ਬਾਕੀ ਮੁਲਾਜ਼ਮ ਸਾਹਿਬਾਨ ਹਾਜ਼ਰ ਸਨ। ਇਸ ਮੌਕੇ ਟੋਨੀ ਵਰਮਾ ਅਤੇ ਕੈਪਟਨ ਨਰੇਸ਼ ਵਰਮਾ ਦਾ ਇਹ ਸੈਮੀਨਾਰ ਆਯੋਜਿਤ ਕਰਨ ਲਈ ਪੁਲਸ ਵਿਭਾਗ ਵੱਲੋਂ ਧੰਨਵਾਦ ਕੀਤਾ ਗਿਆ। ਸਭ ਨੇ ਹਰ ਰੋਜ਼ ਯੋਗਾ ਕਰਨ ਦੀ ਗੱਲ ਆਖੀ।

ਐਕਸਪਰਟ ਇੰਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਨੇ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ, (ਮਨੀ ਸਿੰਗਲਾ)-ਸਥਾਨਕ ਸ਼ਹਿਰ ਅੰਦਰ ਮੋਗਾ ਰੋਡ 'ਤੇ ਸ਼ਿਵ ਮੰਦਰ ਦੇ ਨਾਲ ਇੰਡੀਅਨ ਇਲਾਹਾਬਾਦ ਬੈਂਕ ਦੇ ਉੱਪਰ ਸਥਿਤ ਨਾਮਵਰ ਸੰਸਥਾ ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਬਾਘਾ ਪੁਰਾਣਾ ਵਿਦੇਸ਼ ਜਾਣ ਦੇ ਚਾਹਵਾਨ ਲੋਕਾਂ ਦੇ ਵਿਦੇਸ਼ ਜਾਣ ਦੇ ਸੁਪਨੇ ਪੂਰੇ ਕਰ ਰਹੀ ਹੈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਦੇਵਾਂਸ਼ ਗੋਇਲ ਨੇ ਦੱਸਿਆ ਕਿ ਸੰਸਥਾ ਵੱਲੋਂ ਵਿਦੇਸ਼ ਭੇਜਣ ਦੇ ਲੰਮੇ ਤਜਰਬੇ ਤਹਿਤ ਰਾਹੁਲ ਸੋਨੀ ਪੁੱਤਰ ਬਿਕਰਮਜੀਤ ਸੋਨੀ ਵਾਸੀ ਕੋਠੇ ਨਿਗਾਹਾ (ਨਵਾਂ ਲੰਗੇਆਣਾ) ਦਾ ਚਾਰ ਗੀਫਿਊਜ਼ਲ ਹੋਣ ਉਪਰੰਤ ਵੀ ਥੋੜ੍ਹੇ ਸਮੇਂ 'ਚ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ ਗਿਆ। ਇਸ ਮੌਕੇ ਸੰਸਥਾ ਚੇਅਰਮੈਨ ਦੇ ਦੇਵਾਂਸ਼ ਗੋਇਲ ਨੇ ਰਾਹੁਲ ਸੋਨੀ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਸੰਸਥਾ ਤੋਂ ਅਨੇਕਾਂ ਵਿਦਿਆਰਥੀ ਆਪਣਾ ਭਵਿੱਖ ਸੁਨਹਿਰੀ ਬਣਾ ਚੁੱਕੇ ਹਨ

ਰੋਜ਼ਗਾਰ ਮੇਲਾ ਭਲਕੇ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ): ਮਾਡਲ ਕੈਰੀਅਰ ਸੈਂਟਰ/ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਰੋਜ਼ਗਾਰ ਮੇਲਾ ਲਾਇਆ ਜਾ ਰਿਹਾ ਹੈ।ਪਲੇਸਮੈਂਟ ਅਫਸਰ ਗੁਰਜੰਟ ਸਿੰਘ ਨੇ ਦੱਸਿਆ ਕਿ ਇਸ ਰੁਜ਼ਗਾਰ ਕੈਂਪ ਵਿੱਚ ਜ਼ਿੰਮੀਂਦਾਰਾ ਗਰੀਨ ਸਲਊਸ਼ਨ ਕੰਪਨੀ ਵੱਲੋਂ ਇੰਟਰਵਿਊ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ 22 ਤੋਂ 40 ਸਾਲ ਦੀ ਉਮਰ ਵਰਗ ਦੇ ਸਿਰਫ਼ ਲੜਕੇ ਹੀ ਭਾਗ ਲੈ ਸਕਦੇ ਹਨ।ਉਨ੍ਹਾਂ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਚਾਹਵਾਨ ਪ੍ਰਾਰਥੀਆਂ ਨੂੰ ਅਪੀਲ ਕੀਤੀ ਕਿ ਇਸ ਕੈਂਪ ਵਿੱਚ ਵਿੱਦਿਅਕ ਯੋਗਤਾ ਦਸਵੀਂ/ਬਾਰ੍ਹਵੀਂ/ਗੈਜੂਏਸ਼ਨ ਵਾਲੇ ਫਰੈਸ਼ਰ ਤੇ ਤਜਰਬੇਕਾਰ ਹਿੱਸਾ ਲੈ ਸਕਦੇ ਹਨ।ਇੰਟਰਵਿਊ ਵਿੱਚ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਆਪਣੀ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ, ਰਜਿਊਮ, ਆਧਾਰ ਕਾਰਡ, ਪੈਨ ਕਾਰਡ, ਡਰਾਈਵਿੰਗ ਲਾਇਸੰਸ ਅਤੇ ਇਨ੍ਹਾਂ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਨਾਲ ਲੈ ਕੇ ਆਉਣਾ ਲਾਜ਼ਮੀ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਕੈਂਪ 24 ਜੂਨ ਸਵੇਰੇ 9 ਵਜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਿਰੋਜਪੁਰ ਦੇ ਆਈ-ਬਲਾਕ, ਦੂਜੀ ਮੰਜਿਲ ਵਿਖੇ ਸਥਿਤ ਜ਼ਿਲ੍ਹਾ ਰੋਜਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਬਿਊਰੋ ਵਿਖੇ ਲਾਇਆ ਜਾਵੇਗਾ।

52 ਗ੍ਰਾਮ ਹੈਰੋਇਨ ਸਮੇਤ ਮਾਂ-ਪੁੱਤ ਗ੍ਰਿਫ਼ਤਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਏਆਈਜੀ ਐੱਸਟੀਐਫ ਰੇਂਜ਼ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਰਾਜਬੀਰ ਸਿੰਘ ਪੀਪੀਐੱਸ ਉਪ ਕਪਤਾਨ ਪੁਲਿਸ, ਐੱਸਟੀਐੱਫ ਰੇਂਜ਼ ਦੀ ਯੋਗ ਅਗਵਾਈ ਵਿੱਚ ਏਐੱਸਆਈ ਸਤਪਾਲ ਨੇ ਸਮੇਤ ਸਾਥੀ ਕ੍ਰਮਚਾਰੀਆਂ ਦੇ ਸਿਮਰਨ ਉਰਫ ਰੀਨਾ ਪਤਨੀ ਅਵਤਾਰ ਅਤੇ ਸੂਰਜ ਪੁੱਤਰ ਅਵਤਾਰ ਵਾਸੀਅਨ ਮਕਾਨ ਨੰਬਰ 104 ਇੰਦਰਾ ਕਾਲੋਨੀ ਫਿਰੋਜ਼ਪੁਰ ਕੈਂਟ ਥਾਣਾ ਕੈਂਟ ਫਿਰੋਜਪੁਰ ਨੂੰ 52 ਗ੍ਰਾਮ ਹੈਰੋਇਨ ਤੇ 1 ਛੋਟੇ ਕੰਪਿਊਟਰ ਕੰਡੇ ਸਮੇਤ ਕਾਬੂ ਕੀਤਾ ਗਿਆ। ਉਕਤ ਦੋਸ਼ੀਅਨ 'ਤੇ ਮੁਕੱਦਮਾ ਨੰਬਰ 174 ਮਿਤੀ 20 ਜੂਨ 2023 ਅ/ਧ 21 ਐੱਨਡੀਪੀਐੱਸ ਐਕਟ ਥਾਣਾ ਐੱਸਟੀਐੱਫ, ਐੱਸਏਐੱਸ ਨਗਰ ਦਰਜ ਰਜਿਸਅਰ ਕੀਤਾ ਗਿਆ ਹੈ। ਮੁਕੱਦਮਾ ਦੀ ਤਫਤੀਸ਼ ਜਾਰੀ ਹੈ। ਦੋਸ਼ੀਅਨ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾਵੇਗੀ।

ਇਕ ਲੱਖ ਲੀਟਰ ਲਾਹਣ ਮਾਮਲੇ 'ਚ ਦੋ ਵਿਅਕਤੀਆਂ ਦੀ ਪੇਸ਼ਗੀ ਜ਼ਮਾਨਤ ਖਾਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)- ਇਕ ਲੱਖ 12 ਸੌ ਲੀਟਰ ਲਾਹਣ ਬਰਾਮਦਗੀ ਮਾਮਲੇ ਵਿਚ ਥਾਣਾ ਸਦਰ ਪੁਲਸ ਨੂੰ ਲੋੜੀਂਦੇ ਦੋ ਵਿਅਕਤੀਆਂ ਦੀ ਪੇਸ਼ਗੀ ਜ਼ਮਾਨਤ ਅਰਜ਼ੀ ਫ਼ਿਰੋਜ਼ਪੁਰ ਦੀ ਸੈਸ਼ਨ ਅਦਾਲਤ ਨੇ ਖਾਰਜ ਕੀਤੀ ਹੈ। ਪ੍ਰਾਰਥੀ ਵਰਮ

23-June-PAGE-11-Majha-23.qxd 6/22/2023 10:07 PM Page 1

ਘੱਟ ਮਜ਼ਦੂਰੀ ਦੇਣ ਵਾਲੇ ਭੱਠਾ ਮਾਲਕਾਂ ਖਿਲਾਫ ਪਰਚੇ ਦਰਜ ਕੀਤੇ ਜਾਣ : ਕਾਮਰੇਡ ਸ਼ਿਵ ਕੁਮਾਰ

ਪਠਾਨਕੋਟ (ਦਵਿੰਦਰ ਸਿੰਘ)- ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਕਾਮਰੇਡ ਸ਼ਿਵ ਕੁਮਾਰ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਅਖਰੋਟਾ ਨੇ ਵੱਖ ਵੱਖ ਭੱਠਿਆਂ ਉਪਰ ਮਜ਼ਦੂਰਾਂ ਨਾਲ ਗੱਲਬਾਤ ਕਰਨ ਉਪਰੰਤ ਲਿਖਤੀ ਪ੍ਰੈਸ ਬਿਆਨ ਵਿਚ ਦੱਸਿਆ ਕਿ ਪਠਾਨਕੋਟ ਜ਼ਿਲ੍ਹੇ ਦੇ ਅੰਦਰ ਪਿੰਡ ਤੱਗੋਸ਼ਾਹ, ਪਰਮਾਨੰਦ, ਮਾੜੀ, ਜੰਗਲਾਂ, ਭਵਾਨੀ, ਚੋਹਾਨਾ, ਨਾਲਾ, ਘਰੋਟਾ ਆਦਿ ਪਿੰਡਾਂ ਵਿਖੇ ਲੱਗੇ ਭੱਠਿਆਂ ਦੇ ਕੁਝ ਭੱਠਾ ਮਾਲਕ, ਅਸਿਸਟੈਂਟ ਲੇਬਰ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਦੀ ਹਾਜ਼ਰੀ ਵਿੱਚ ਹੋਏ ਮਜ਼ਦੂਰੀ ਰੇਟਾਂ ਦੇ ਸਮਝੌਤੇ ਮੁਤਾਬਿਕ ਕੱਚੀਆਂ ਇੱਟਾਂ ਦਾ ਰੇਟ 879 ਰੁਪਏ ਦੀ ਬਜਾਏ 845 ਰੁਪਏ ਦੇ 34 ਰੁਪਏ ਪ੍ਰਤੀ ਹਜ਼ਾਰ ਇੱਟਾਂ ਪਿੱਛੇ ਘੱਟ ਰੇਟ ਦੇ ਕੇ ਮਜ਼ਦੂਰਾਂ ਦੇ ਖੂਨ ਪਸੀਨੇ ਦੀ ਕਮਾਈ ਦੇ ਹਜ਼ਾਰਾਂ ਰੁਪਏ ਲੁੱਟ ਰਹੇ ਹਨ। ਅੱਤ ਦੀ ਗਰਮੀ ਵਿਚ ਮਜ਼ਦੂਰ ਪਰਵਾਰਾਂ ਨੇ ਔਰਤਾਂ ਬੱਚਿਆਂ ਸਮੇਤ ਕੰਮ ਕੀਤਾ ਹੈ। ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਮਜ਼ਦੂਰਾਂ ਨਾਲ ਭੱਠਾ ਮਾਲਕਾਂ ਦੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰੇਗੀ, ਮਜ਼ਦੂਰਾਂ ਨੂੰ ਉਨ੍ਹਾਂ ਦੇ ਬਣਦੇ ਨਵੇਂ ਰੇਟਾਂ ਨਾਲ ਹਿਸਾਬ ਹਰ ਕੀਮਤ 'ਤੇ ਦਿਵਾਏ ਜਾਣਗੇ। ਆਗੂਆਂ ਨੇ ਕਿਹਾ ਕਿ ਸੀਜ਼ਨ ਦੀ ਸਮਾਪਤੀ ਉਪਰੰਤ ਪੂਰੀ ਮਿਹਨਤ ਨਾ ਮਿਲਣ ਕਰਕੇ ਅੰਤਰਰਾਜੀ ਮਜ਼ਦੂਰਾਂ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਦੇ ਆਗੂਆਂ ਨੇ ਅਸਿਸਟੈਂਟ ਲੇਬਰ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਠਾਨਕੋਟ ਤੋਂ ਮੰਗ ਕੀਤੀ ਕਿ ਜਿਨ੍ਹਾਂ ਭੱਠਾ ਮਾਲਕਾਂ ਨੇ ਸਮਝੌਤੇ ਦੀ ਉਲੰਘਣਾ ਕੀਤੀ ਹੈ, ਉਨ੍ਹਾਂ 'ਤੇ ਇੰਡਸਟਰੀਅਲ ਡਿਸਪਿਊਟ ਐਕਟ 1947 ਦੀ ਧਾਰਾ 29 ਅਧੀਨ ਪਰਚਾ ਦਰਜ ਕੀਤਾ ਜਾਵੇ। ਮਜ਼ਦੂਰਾਂ ਨੂੰ ਤੁਰੰਤ ਉਨ੍ਹਾਂ ਦਾ ਹਿਸਾਬ ਕਰਾਇਆ ਜਾਵੇ। ਆਗੂਆਂ ਨੇ ਅੱਗੇ ਕਿਹਾ ਕਿ ਭੱਠਿਆਂ ਉਪਰ ਮਜ਼ਦੂਰਾਂ ਦੇ ਰਹਿਣ ਲਈ ਕੋਈ ਠੋਸ ਪ੍ਰਬੰਧ ਨਹੀਂ ਹੈ।

ਗਰਮੀ ਤੇ ਹੁੰਮਸ ਕਾਰਨ ਝੁੱਗੀਆਂ ਵਿੱਚ ਮਜ਼ਦੂਰਾਂ ਦਾ ਰਹਿਣਾ ਖਤਰੇ ਤੋਂ ਖਾਲੀ ਨਹੀਂ ਹੈ, ਜੇਕਰ ਭੱਠਾ ਮਾਲਕਾਂ ਇਕ ਦੋ ਦਿਨਾਂ ਦੇ ਅੰਦਰ ਅੰਦਰ ਨਵੇਂ ਰੇਟਾਂ ਨਾਲ ਹਿਸਾਬ ਨਾ ਕੀਤਾ ਤਾਂ ਲੇਬਰ ਵਿਭਾਗ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਵਲੋਂ ਸੀ ਟੀ ਯੂ ਪੰਜਾਬ ਦੀ ਅਗਵਾਈ ਹੇਠ ਭੱਠਾ ਮਾਲਕਾਂ ਖਿਲਾਫ ਜ਼ਿਲ੍ਹਾ ਹੈਡਕੁਆਰਟਰ ਪਠਾਨਕੋਟ ਧਰਨਾ ਦਿੱਤਾ ਜਾਵੇਗਾ।

ਪਾਕਿਸਤਾਨ ਤੋਂ ਆਏ ਤਿੰਨ ਪਿਸਤੌਲ ਸਮੇਤ ਦੋ ਵਿਅਕਤੀ ਨਾਮਜ਼ਦ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਗੁਪਤ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਦੀ ਵਿਸ਼ੇਸ਼ ਟੀਮ ਨੇ ਬਲਬੀਰ ਸਿੰਘ ਡੀ.ਐਸ.ਪੀ ਕਾਊਂਟਰ ਇੰਟੈਲੀਜੈਂਸ, ਅੰਮ੍ਰਿਤਸਰ ਅਤੇ ਇੰਸਪੈਕਟਰ ਇੰਦਰਦੀਪ ਸਿੰਘ ਇੰਚਾਰਜ ਆਪ੍ਰੇਸ਼ਨ ਟੀਮ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਰਜਿੰਦਰ ਕੁਮਾਰ ਉਰਫ ਗੁੱਡੀ ਪੁੱਤਰ ਰਮੇਸ਼ ਕੁਮਾਰ ਵਾਸੀ ਪਿੰਡ ਧਨੋਏ ਕਲਾਂ, ਥਾਣਾ ਘਰਿੰਡਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਹੋਟਲ ਵੈਲਕਮ ਰੈਜੀਡੈਂਸੀ, ਸੈਕਟਰ 35ਸੀ ਤੋਂ ਕਾਬੂ ਕੀਤਾ ਹੈ। ਉਪਰੋਕਤ ਰਾਜਿੰਦਰ ਕੁਮਾਰ ਐਫ ਆਈ ਆਰ ਨੰਬਰ 16 ਮਿਤੀ 06.06.2022 / 21, 25, 27-29 ਐਕਟ, ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿੱਚ ਨਾਮਜ਼ਦ ਅਤੇ ਲੋੜੀਂਦਾ ਸੀ। ਮੁਢਲੀ ਪੁੱਛਗਿੱਛ ਦੌਰਾਨ ਰਜਿੰਦਰ ਕੁਮਾਰ ਵਾਸੀ ਇੰਦਰਜੀਤ ਸਿੰਘ ਉਰਫ ਮੱਲ੍ਹੀ ਪੁੱਤਰ ਨਾਜਰ ਸਿੰਘ ਵਾਸੀ ਅਟਾਰੀ, ਅੰਮ੍ਰਿਤਸਰ ਦਿਹਾਤੀ ਦਾ ਤਸਕਰੀ ਗਤੀਵਿਧੀਆਂ 'ਚ ਸ਼ਾਮਲ ਹੋਣ ਦਾ ਪਤਾ ਲੱਗਾ ਹੈ।

ਉਪਰੋਕਤ ਇੰਦਰਜੀਤ ਸਿੰਘ ਇਸ ਸਮੇਂ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਬੰਦ ਹੈ ਅਤੇ ਉਸ ਨੂੰ 17.06.2023 ਨੂੰ ਉਕਤ ਮਾਮਲੇ ਵਿੱਚ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਸੀ। 19.06.23 ਨੂੰ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਰਜਿੰਦਰ ਸਿੰਘ ਅਤੇ ਇੰਦਰਜੀਤ ਸਿੰਘ ਦੇ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ 2 ਪਿਸਤੌਲ .30 ਬੋਰ ਅਤੇ 1 ਪਿਸਤੌਲ .32 ਬੋਰ ਦੇ ਬਰਾਮਦ ਕੀਤੇ ਗਏ ਹਨ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਾਲ 2022 ਵਿੱਚ ਗ੍ਰਿਫ਼ਤਾਰ ਵਿਅਕਤੀ ਰਜਿੰਦਰ ਕੁਮਾਰ ਦੇ ਦੋਸਤ ਗੁਲਵਿੰਦਰ ਸਿੰਘ ਉਰਫ ਟਿੰਕੂ ਪੁੱਤਰ ਹਜੂਰਾ ਸਿੰਘ ਵਾਸੀ ਪਿੰਡ ਰੰਗੜ ਜ਼ਿਲਾ ਅੰਮ੍ਰਿਤਸਰ ਨੇ ਉਸ ਨੂੰ ਵਟਸਐਪ ਰਾਹੀਂ ਪਾਕਿਸਤਾਨ ਸਥਿਤ ਹੈਰੋਇਨ ਅਤੇ ਅਸਲਾ ਸਮੱਗਲਰ ਤਰੁਫ ਨਾਲ ਮਿਲਵਾਇਆ ਸੀ। ਉਦੋਂ ਤੱਕ ਉਪਰੋਕਤ ਰਜਿੰਦਰ ਕੁਮਾਰ ਅਤੇ ਗੁਲਵਿੰਦਰ ਸਿੰਘ ਉਰਫ ਟਿੰਕੂ ਨੇ ਅਟਾਰੀ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਨੇੜੇ ਪਿੰਡ ਪੱਕਾ ਪਿੰਡ ਦੇ ਇਲਾਕੇ ਵਿੱਚ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀਆਂ 4 ਖੇਪਾਂ ਫੜੀਆਂ ਸਨ, ਜੋ ਕਿ ਸਰਹੱਦ ਪਾਰੋਂ ਡਰੋਨ ਰਾਹੀਂ ਪਹੁੰਚਾਈਆਂ ਗਈਆਂ ਸਨ। ਉਨ੍ਹਾਂ ਕੋਲੋਂ ਕੁੱਲ 5 ਪਿਸਤੌਲ ਮਿਲੇ ਸਨ; .30 ਬੋਰ ਦੇ 02, 32 ਬੋਰ ਦੇ 01, .9 ਐਮ.ਐਮ ਦੇ 02 ਅਤੇ ਹੈਰੋਇਨ ਦੇ 05 ਪੈਕਟ ਬਰਾਮਦ ਕੀਤੇ ਗਏ ਹਨ। ਇਨ੍ਹਾਂ 05 ਪਿਸਤੌਲਾਂ ਵਿੱਚੋਂ 03 ਪਿਸਤੌਲ ਬਰਾਮਦ ਕੀਤੇ ਗਏ ਹਨ, ਜਦੋਂ ਕਿ ਉਹ ਪਹਿਲਾਂ ਹੀ ਕੁਝ ਪਾਰਟੀਆਂ ਨੂੰ 02 ਪਿਸਤੌਲ ਅਤੇ 05 ਪੈਕਟ ਹੈਰੋਇਨ ਦੇ ਚੁੱਕੇ ਸਨ। ਖੇਪ ਦੇ ਬਾਕੀ ਹਿੱਸੇ ਨੂੰ ਬਰਾਮਦ ਕਰਨ ਦੇ ਨਾਲ-ਨਾਲ ਮਾਡਿਊਲ ਵਿੱਚ ਸਾਮਲ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਉਪਰੋਕਤ ਦੋਵੇਂ ਫੜੇ ਗਏ ਵਿਅਕਤੀ ਅਪਰਾਧਕ ਪਿਛੋਕੜ ਵਾਲੇ ਹਨ ਅਤੇ ਇਨ੍ਹਾਂ ਵਿਰੁੱਧ ਪਹਿਲਾਂ ਹੀ ਮਾਮਲੇ ਦਰਜ ਹਨ।

ਗੱਦੀ ਨਾਲੇ ਦੀ ਹਾਲਤ ਖਸਤਾ ਹੋਣ ਕਾਰਨ ਕਿਸਾਨ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)- ਦਰਿਆ ਬਿਆਸ ਵਿਚੋਂ ਨਿਕਲਦੇ ਗੱਦੀ ਨਾਲੇ ਦੀ ਹਾਲਤ ਪਿਛਲੇ 25-30 ਸਾਲਾਂ ਤੋਂ ਬਹੁਤ ਬੁਰੀ ਤਰ੍ਹਾਂ ਬਦਤਰ ਬਣੀ ਹੋਈ ਹੈ ਅਤੇ ਕਿਸਾਨਾਂ ਦੀ ਬਰਸਾਤਾਂ ਦੇ ਦਿਨਾਂ ਵਿਚ ਹਜ਼ਾਰਾਂ ਏਕੜ ਫ਼ਸਲ ਪਾਣੀ ਦਾ ਸਹੀ ਨਿਕਾਸ ਨਾ ਹੋਣ ਕਾਰਨ ਖਰਾਬ ਹੋ ਜਾਂਦੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਮੱਖਣ ਸਿੰਘ, ਤਰਸੇਮ ਆਦਿ ਨੇ ਦੱਸਿਆ ਕਿ ਇਹ ਨਾਲਾ ਪਿੰਡ ਘਰੋਟੇ ਵੱਲੋਂ ਆਉਂਦਾ ਹੋਇਆ ਪਿੰਡ ਚੇਚੀਆਂ, ਰਸੂਲਪੁਰ, ਜਗਤਪੁਰ, ਦਲੇਲਪੁਰ ਖੇੜਾ ਅਤੇ ਕਈ ਡੇਰਿਆਂ ਤੋਂ ਹੁੰਦਾ ਹੋਇਆ ਕਸਬਾ ਸ਼ਾਲਾ ਨਜ਼ਦੀਕ ਤੋਂ ਸੜਕ ਪਾਰ ਕਰਦਾ ਹੋਇਆ ਦਰਿਆ ਬਿਆਸ ਵਿਚ ਡਿਗ ਜਾਂਦਾ ਹੈ। ਇਹ ਨਾਲਾ ਪਿੰਡ ਪੁਰਾਣਾ ਸ਼ਾਲਾ ਤੋਂ ਪਿੰਡ ਦਊਵਾਲ ਨਾਕੇ ਦੇ ਵਿਚਕਾਰ ਸੜਕ ਨੂੰ ਪਾਰ ਕਰਦਾ ਹੈ। ਉਨ੍ਹਾਂ ਦੱਸਿਆ ਕਿ ਵਰਖਾ ਦੇ ਦਿਨਾਂ ਵਿਚ ਨਾਲੇ ਦਾ ਪਾਣੀ ਓਵਰਫਲੋ ਹੋ ਕੇ ਕਿਸਾਨਾਂ ਦੇ ਖੇਤਾਂ ਵਿਚ ਪੈ ਜਾਂਦਾ ਹੈ ਜਿਸ ਕਾਰਨ ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ। ਲੋਕਾਂ ਨੇ ਇਹ ਵੀ ਦੱਸਿਆ ਕਿ ਇਸ ਨਾਲੇ ਵੱਲ ਡਰੇਨੇਜ ਵਿਭਾਗ ਦਾ ਧਿਆਨ ਨਾ ਹੋਣ ਕਾਰਨ ਇਹ ਨਾਲਾ ਦਿਨ ਬ ਦਿਨ ਨੇੜਲੀ ਉਪਜਾਊ ਜ਼ਮੀਨ ਆਪਣੇ ਅੰਦਰ ਸਮਾਈ ਜਾ ਰਿਹਾ ਹੈ ਜਿਸ ਨਾਲ ਕਿਸਾਨਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਲੋਕਾਂ ਦੱਸਿਆ ਕਿ ਕਈ ਕਿਸਾਨਾਂ ਨੇ ਅਜਿਹੀਆਂ ਜ਼ਮੀਨਾਂ ਬੈਂਕਾਂ ਪਾਸ ਗਿਰਵੀ ਰੱਖ ਕੇ ਕਰਜ਼ੇ ਲਏ ਹੋਏ ਹਨ ਅਤੇ ਫ਼ਸਲਾਂ ਖ਼ਰਾਬ ਹੋਣ ਕਾਰਨ ਉਹ ਬੈਂਕਾਂ ਦੀਆਂ ਕਿਸ਼ਤਾਂ ਸਮੇਂ ਨਹੀਂ ਦੇ ਸਕਦੇ ਜਿਸ ਨਾਲ ਉਨ੍ਹਾਂ ਦਾ ਕਰਜ਼ਾ ਦਿਨ ਬ ਦਿਨ ਵਧਦਾ ਚਲਾ ਜਾਂਦਾ ਹੈ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਇਸ ਗੱਦੀ ਨਾਲੇ ਵੱਲ ਪਹਿਲ ਦੇ ਆਧਾਰ 'ਤੇ ਧਿਆਨ ਦਿੱਤਾ ਜਾਵੇ ਅਤੇ ਇਸ ਦੀ ਸਫ਼ਾਈ ਦੇ ਡੂੰਘਾਈ ਆਦਿ ਜਲਦੀ ਤੋਂ ਜਲਦੀ ਕਰਵਾਈ ਜਾਵੇ ਤਾਂ ਜੋ ਕਿਸਾਨ ਮਜੀਦ ਨੁਕਸਾਨ ਤੋਂ ਬਚ ਸਕਣ।

ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਯੋਗ ਦਿਵਸ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਦੀ ਅਗਵਾਈ ਹੇਠ ਮਨਾਇਆ ਗਿਆ।

ਕਾਲਜ ਦੇ ਫਿਜ਼ੀਕਲ ਐਜੂਕੇਸ਼ਨ ਵਿਭਾਗ ਦੇ ਪ੍ਰੋਫ਼ੈਸਰ ਹਰਜੀਤ ਕੌਰ ਨੇ ਉਚੇਚੇ ਤੌਰ 'ਤੇ ਵਿਦਿਆਰਥੀਆਂ ਨੂੰ ਵੱਖ-ਵੱਖ ਯੋਗ ਆਸਣ ਕਰਵਾਏ ਅਤੇ ਆਸਣਾਂ ਦੇ ਫਾਇਦਿਆਂ ਬਾਰੇ ਜਾਣੂ ਕਰਵਾਇਆ। ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਦੱਸਿਆ ਕਿ ਕਾਲਜ ਵਿੱਚ ਵਿਦਿਆਰਥੀ ਵਰਗ ਨੂੰ ਵਿੱਦਿਅਕ ਗਿਆਨ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਹਿੱਤ ਸਮੇਂ-ਸਮੇਂ ਤੇ ਵੱਖ-ਵੱਖ ਉਪਰਾਲੇ ਕੀਤੇ ਜਾਂਦੇ ਹਨ। ਇਨ੍ਹਾਂ ਉਪਰਾਲਿਆਂ ਦੀ ਲੜੀ ਨੂੰ ਹੋਰ ਮਜ਼ਬੂਤ ਕਰਦੇ ਹੋਏ ਅੱਜ ਵਿਦਿਆਰਥੀਆਂ ਨੂੰ ਸਰੀਰਕ ਅਤੇ ਮਾਨਸਿਕ ਪੱਖ ਤੋਂ ਸਿਹਤਮੰਦ ਰਹਿਣ ਲਈ ਯੋਗ ਆਸਣਾਂ ਸੰਬੰਧੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਨੌਜਵਾਨ ਵਰਗ ਦਾ ਸਰੀਰਕ, ਮਾਨਸਿਕ ਅਤੇ ਆਤਮਿਕ ਪੱਖੋਂ ਸਿਹਤਮੰਦ ਹੋਣਾ ਲਾਜ਼ਮੀ ਹੈ ਅਤੇ ਨੌਜਵਾਨ ਵਰਗ ਨੂੰ ਸਿਹਤ ਸੰਬੰਧੀ ਜਾਣਕਾਰੀ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਯੋਗ ਆਸਣਾਂ ਦੀ ਮਦਦ ਨਾਲ ਸਰੀਰਕ ਅਤੇ ਮਾਨਸਿਕ ਸੰਤੁਲਨ ਬਣਾਇਆ ਜਾ ਸਕਦਾ ਹੈ। ਉਨ੍ਹਾਂ ਵਿਦਿਆਰਥੀ ਵਰਗ ਨੂੰ ਸਾਦਾ ਜੀਵਨ ਅਤੇ ਉੱਚੀ ਸੋਚ ਦੇ ਸਿਧਾਂਤ ਨੂੰ ਅਪਣਾਉਣ ਦੀ ਤਾਕੀਦ ਕੀਤੀ।

ਗੁਰਦਾਸਪੁਰ ਪਬਲਿਕ ਸਕੂਲ 'ਚ 10 ਰੋਜ਼ਾ ਸਮਰ ਕੈਂਪ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਪਬਲਿਕ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਮਨੋਰੰਜਨ ਲਈ 10 ਰੋਜ਼ਾ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦੇ ਅਖੀਰਲੇ ਦਿਨ ਸਮਾਪਤੀ ਸਮਾਗਮ ਮੌਕੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਤੋਂ ਇਲਾਵਾ ਸਕੂਲ ਡਾਇਰੈਕਟਰ ਅਰਚਨਾ ਬਹਿਲ, ਪ੍ਰਿੰਸੀਪਲ ਸੰਦੀਪ ਅਰੋੜਾ ਸਮੇਤ ਹੋਰ ਸਟਾਫ ਅਤੇ ਬੱਚਿਆਂ ਦੇ ਮਾਪਿਆਂ ਨੇ ਵੀ ਸ਼ਿਰਕਤ ਕੀਤੀ। ਡਾਇਰੈਕਟਰ ਅਰਚਨਾ ਬਹਿਲ ਅਤੇ ਸਕੂਲ ਪ੍ਰਿੰਸੀਪਲ ਸੰਦੀਪ ਅਰੋੜਾ ਨੇ ਦੱਸਿਆ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਉਨ੍ਹਾਂ ਦੀ ਪੜ੍ਹਾਈ ਦੇ ਨਾਲ-ਨਾਲ ਹੋਰ ਉਸਾਰੂ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਜਿੱਥੇ ਖੇਡਾਂ ਵਿੱਚ ਭਾਗ ਲੈਣਾ ਜ਼ਰੂਰੀ ਹੈ, ਉਸ ਦੇ ਨਾਲ ਹੀ ਹੋਰ ਗਤੀਵਿਧੀਆਂ ਵਿੱਚ ਵੀ ਦਿਲਚਸਪੀ ਦਿਖਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਕੈਂਪ ਦੇ ਪਹਿਲੇ ਸੱਤ ਦਿਨ ਵਿਦਿਆਰਥੀਆਂ ਨੇ ਜਿੱਥੇ ਵੱਖ-ਵੱਖ ਗੈਜੇਟ ਤਿਆਰ ਕੀਤੇ, ਉਸ ਦੇ ਨਾਲ ਹੀ ਜੂੰਬਾ ਡਾਂਸ ਦੀਆਂ ਕਲਾਸਾਂ ਵੀ ਲਗਾਈਆਂ ਗਈਆਂ। ਕੈਂਪ ਦੇ ਅਖੀਰਲੇ ਤਿੰਨ ਦਿਨ ਦਿੱਲੀ ਤੋਂ ਆਏ ਇੰਸਟਰੱਕਟਰਾਂ ਨੇ ਬੱਚਿਆਂ ਨੂੰ ਅਡਵੈਂਚਰ ਗਤੀਵਿਧੀਆਂ ਵਿੱਚ ਸ਼ਮੂਲੀਅਤ ਕਰਵਾਈ। ਪ੍ਰਿੰਸੀਪਲ ਸੰਦੀਪ ਅਰੋੜਾ ਨੇ ਕਿਹਾ ਕਿ ਉਨ੍ਹਾਂ ਦੇ ਸਕੂਲ ਦਾ ਮੰਤਵ ਹੈ ਕਿ ਬੱਚੇ ਜ਼ਿੰਦਗੀ ਵਿੱਚ ਸਵੈ ਨਿਰਭਰ ਹੋਣ ਅਤੇ ਹਰੇਕ ਖੇਤਰ ਵਿੱਚ ਪੂਰੀ ਦ੍ਰਿੜ੍ਹਤਾ ਦੇ ਨਾਲ ਤਰੱਕੀ ਕਰਨ। ਉਨ੍ਹਾਂ ਕਿਹਾ ਕਿ ਇਸ ਸਕੂਲ ਦੇ ਵਿਦਿਆਰਥੀ ਹਰੇਕ ਸਾਲ ਖੇਡਾਂ ਅਤੇ ਪੜ੍ਹਾਈ ਸਮੇਤ ਹੋਰ ਗਤੀਵਿਧੀਆਂ ਵਿੱਚ ਵੱਡੀਆਂ ਮੱਲਾਂ ਮਾਰ ਰਹੇ ਹਨ।

ਇਸ ਮੌਕੇ ਸਕੂਲ ਦੇ ਹੌਂਡ ਗਰਲ ਅਤੇ ਹੌਂਡ ਬੁਆਏ ਨੇ ਵੀ ਸਕੂਲ ਵਿੱਚ ਕਰਵਾਈਆਂ ਇਨ੍ਹਾਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਬੱਚਿਆਂ ਦੇ ਮਾਪਿਆਂ ਨੇ ਵੀ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

ਯੋਗ ਸੰਜੀਵਨੀ ਬੂਟੀ ਦੀ ਭੂਮਿਕਾ ਨਿਭਾ ਰਿਹੈ : ਡਾ. ਜਤਿੰਦਰ ਸਿੰਘ ਗਿੱਲ

ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸੀਨੀਅਰ ਮੈਡੀਕਲ ਅਫਸਰ ਡਾ. ਜਤਿੰਦਰ ਸਿੰਘ ਗਿੱਲ ਦੀ ਅਗਵਾਈ 'ਚ ਸੀਐਚਸੀ ਸਰਹਾਲੀ ਅਤੇ ਬਲਾਕ ਅਧੀਨ ਆਉਂਦੇ ਸਿਹਤ ਕੇਂਦਰਾਂ ਵਿਖੇ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੱਦੇਨਜ਼ਰ ਯੋਗ ਕੈਂਪ ਲਗਾਏ ਗਏ। ਸੀਨੀਅਰ ਮੈਡੀਕਲ ਅਫਸਰ ਡਾ. ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਯੋਗ ਕਰਨ ਨਾਲ ਜਿਥੇ ਸਰੀਰਕ ਸ਼ਕਤੀ

23-June-PAGE-12.qxd 6/22/2023 10:17 PM Page 1

9 ਵਿਅਕਤੀਆਂ ਨੂੰ ਨੌਕਰੀ ਦਿਵਾਉਣ ਦੇ ਨਾਂਅ 'ਤੇ ਲੱਖਾਂ ਦੀ ਠੱਗੀ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)

ਪਿੰਡ ਸੰਦੋਆ ਦੀ ਇੱਕ ਔਰਤ ਨੇ ਇੱਕ ਵਿਅਕਤੀ 'ਤੇ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਉਸ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਲਗਾਏ, ਜਿਸ 'ਤੇ ਸਥਾਨਕ ਪੁਲਸ ਨੇ ਹਰਜੀਤ ਸਿੰਘ ਪੁੱਤਰ ਧਰਮਪਾਲ ਵਾਸੀ ਪਟਿਆਲ, ਜਿਲ੍ਹਾ ਰੂਪਨਗਰ ਵਿਰੁੱਧ ਮਾਮਲਾ ਦਰਜ ਕੀਤਾ ਹੈ। ਕਥਿਤ ਦੋਸ਼ੀ ਹਾਲੇ ਤੱਕ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਆਂਚਲ ਰਾਣੀ ਪੁੱਤਰੀ ਕਸ਼ਮੀਰ ਚੰਦ ਵਾਸੀ ਪਿੰਡ ਸੰਦੋਆ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਉਹ ਤੇ ਉਸਦਾ ਭਰਾ ਮੁਹਾਲੀ ਵਿਖੇ ਲੱਗੇ ਧਰਨੇ ਸੰਬੰਧੀ ਗਏ ਸੀ। ਧਰਨੇ 'ਚ ਉਸ ਦੀ ਜਾਣ ਪਛਾਣ ਹਰਜੀਤ ਸਿੰਘ ਨਾਲ ਹੋ ਗਈ ਜਿਸ ਨੇ ਨੌਕਰੀ ਲੱਗਣ ਸੰਬੰਧੀ ਗੱਲਬਾਤ ਕੀਤੀ ਜਿਸ 'ਤੇ ਹਰਜੀਤ ਸਿੰਘ ਨੇ ਦੱਸਿਆ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵਿਖੇ ਨੌਕਰੀ ਕਰਦਾ ਹੈ ਅਤੇ ਉਸ ਦੀ ਅਫਸਰਾਂ ਨਾਲ ਪੂਰੀ ਗੱਲਬਾਤ ਹੈ। ਹਰਜੀਤ ਸਿੰਘ ਨੇ ਕਿਹਾ ਕਿ ਉਹ ਉਸ ਨੂੰ ਅਤੇ ਉਸ ਦੇ ਭਰਾ ਨੂੰ ਨੌਕਰੀ ਲਗਵਾ ਦੇਵੇਗਾ, ਪਰ ਉਸ ਦੇ ਬਦਲੇ ਪੈਸੇ ਲੱਗਣਗੇ। ਉਸ ਨੇ ਦੱਸਿਆ ਕਿ 27 ਫਰਵਰੀ ਨੂੰ ਹਰਜੀਤ ਸਿੰਘ ਨੇ ਉਸ ਨੂੰ ਫੋਨ ਕੀਤਾ ਅਤੇ ਪੈਸਿਆਂ ਦੀ ਮੰਗ ਕੀਤੀ। ਜਿਸ 'ਤੇ ਹਰਜੀਤ ਸਿੰਘ ਦੇ ਖਾਤੇ ਵਿੱਚ ਅਸੀਂ ਇੱਕ ਲੱਖ ਰੁਪਏ ਪਾ ਦਿੱਤੇ। 11 ਮਾਰਚ ਨੂੰ 60 ਹਜ਼ਾਰ ਰੁਪਏ ਹੋਰ ਖਾਤੇ ਵਿੱਚ ਪਾ ਦਿੱਤੇ। ਹਰਜੀਤ ਸਿੰਘ ਵੱਲੋਂ ਹੋਰ ਪੈਸਿਆਂ ਦੀ ਮੰਗ ਕੀਤੀ ਗਈ ਜਿਸ 'ਤੇ 17 ਅਪ੍ਰੈਲ ਨੂੰ ਹਰਜੀਤ ਸਿੰਘ 1 ਲੱਖ 40 ਹਜ਼ਾਰ ਰੁਪਏ ਕੈਸ਼ ਉਸ ਦੇ ਘਰ ਆ ਕੇ ਲੈ ਗਿਆ ਜਿਸ ਤੋਂ ਬਾਅਦ ਹਰਜੀਤ ਸਿੰਘ ਉਨ੍ਹਾਂ ਨੂੰ ਨੌਕਰੀ ਲਗਾਉਣ ਲਈ ਲਾਰੇ ਲੱਪੇ ਲਾਉਣ ਲੱਗ ਗਿਆ। ਤਾਂ ਉਨ੍ਹਾਂ ਨੂੰ ਸਮਝ ਆ ਗਈ ਕਿ ਹਰਜੀਤ ਸਿੰਘ ਨੇ ਨੌਕਰੀ ਲਗਾਉਣ ਦਾ ਝਾਂਸਾ ਦੇ ਕੇ ਉਨ੍ਹਾਂ ਨਾਲ ਠੱਗੀ ਮਾਰੀ ਹੈ। ਉਸ ਨੇ ਦੱਸਿਆ ਕਿ ਹੁਣ ਤੱਕ ਮੇਰੇ ਵੱਲੋਂ ਉਸ ਨੂੰ ਤਿੰਨ ਲੱਖ ਰੁਪਏ ਦਿੱਤੇ। ਇਸੀ ਤਰ੍ਹਾਂ ਹਰਜੀਤ ਸਿੰਘ ਨੇ ਨੌਕਰੀ ਲਵਾਉਣ ਦਾ ਝਾਂਸਾ ਦੇ ਕੇ ਬੰਦਨਾ ਸ਼ਰਮਾ ਪੁੱਤਰੀ ਸ਼ਿਵ ਕੁਮਾਰ ਵਾਸੀ ਖੇੜੀ ਤੋਂ 70 ਹਜ਼ਾਰ ਰੁਪਏ, ਪੰਕਜ ਕੁਮਾਰ ਪੁੱਤਰ ਸ਼ਿਵ ਕੁਮਾਰ ਵਾਸੀ ਖੇੜੀ ਤੋਂ 70 ਹਜਾਰ ਰੁਪਏ, ਅਭਿਸੇਕ ਸਿੰਘ ਪੁੱਤਰ ਕੌਸਲ ਸਿੰਘ ਵਾਸੀ ਹਿਆਤਪੁਰ ਤੋਂ 1 ਲੱਖ ਰੁਪਏ, ਕਲਵਿੰਦਰ ਸਿੰਘ ਪੁੱਤਰ ਰਾਮ ਜੀ ਦਾਸ ਪਿੰਡ ਗੋਲੂਮਾਜਰਾ ਤੋਂ 72560, ਹਰਪ੍ਰੀਤ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਹੀਰਪੁਰ ਤੋਂ 3 ਲੱਖ ਰੁਪਏ, ਸਰਬਜੀਤ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਗਨੂੰਰਾ ਤੋਂ 60 ਹਜਾਰ, ਧਰਮਪਾਲ ਸੋਨੀ ਪੁੱਤਰ ਬਲਦੇਵ ਕ੍ਰਿਸ਼ਨ ਵਾਸੀ ਝੱਜ ਤੋਂ 60 ਹਜ਼ਾਰ ਰੁਪਏ ਅਤੇ ਦਿਨੇਸ਼ ਕੁਮਾਰ ਪੁੱਤਰ ਬਲਵਿੰਦਰ ਕੁਮਾਰ ਪਿੰਡ ਝਾਂਗੜੀਆਂ ਤੋਂ ਇਕ ਲੱਖ ਰੁਪਏ ਵਸੂਲ ਕੀਤੇ। ਇਸ ਤਰ੍ਹਾ ਹਰਜੀਤ ਸਿੰਘ ਨੇ ਵੱਖ ਵੱਖ ਪਿੰਡਾਂ ਨਾਲ ਸਬੰਧਤ 9 ਵਿਅਕਤੀਆਂ ਤੋਂ ਕੁੱਲ 11 ਲੱਖ 32 ਹਜ਼ਾਰ 560 ਰੁਪਏ ਦੀ ਠੱਗੀ ਮਾਰੀ ਹੈ। ਸਥਾਨਕ ਪੁਲਸ ਨੇ ਹਰਜੀਤ ਸਿੰਘ ਵਿਰੁੱਧ ਆਈ ਪੀ ਸੀ ਦੀ ਧਾਰਾ 420 ਤਹਿਤ ਮਾਮਲਾ ਦਰਜ ਕੀਤਾ ਹੈ।

ਬਰਲਿਨ (ਜਰਮਨ) ਵਿਖੇ ਕਰਵਾਈਆਂ ਗਈਆਂ ਸਪੈਸ਼ਲ ਓਲੰਪਿਕ ਵਰਲਡ ਖੇਡਾਂ 'ਚ ਭਵਨ ਵਿਦਿਆਲਿਆ ਚੰਡੀਗੜ੍ਹ ਦੀ ਵਿਦਿਆਰਥਣ ਪ੍ਰਾਥਨਾ ਭਾਟੀਆ ਆਪਣਾ ਜਿੱਤਿਆ ਚਾਂਦੀ ਦਾ ਤਗਮਾ ਦਿਖਾਉਂਦੀ ਹੋਈ।

ਮਾਨ ਸਰਕਾਰ ਨੇ ਹੰਸਰਾਜ ਬੈਡਮਿੰਟਨ ਸਟੇਡੀਅਮ ਨੂੰ ਜਾਰੀ ਕੀਤੀ ਵੱਡੀ ਗ੍ਰਾਂਟ

ਜਲੰਧਰ (ਨਵਾਂ ਜ਼ਮਾਨਾ ਸਰਵਿਸ)

ਪੰਜਾਬ ਵਿੱਚ ਖੇਡਾਂ ਦੇ ਵਿਕਾਸ ਲਈ ਵਚਨਬੱਧ ਮਾਨ ਸਰਕਾਰ ਨੇ ਰਾਏਜਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਲਈ 23.16 ਲੱਖ ਦੀ ਗ੍ਰਾਂਟ ਜਾਰੀ ਕਰ ਦਿੱਤੀ ਹੈ। ਇਸ ਗ੍ਰਾਂਟ ਨਾਲ ਸਟੇਡੀਅਮ ਵਿੱਚ ਕਈ ਜ਼ਰੂਰੀ ਕੰਮਾਂ ਨੂੰ ਪੂਰਾ ਕਰਵਾਇਆ ਜਾਵੇਗਾ। ਡੀਬੀਏ ਦੇ ਸਕੱਤਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਰਿਤਿਨ ਖੰਨਾ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਖੇਡ ਮੰਤਰੀ ਗੁਰਮੀਤ ਮੀਤ ਹੇਅਰ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਅੱਜ ਤੱਕ ਹੰਸਰਾਜ ਬੈਡਮਿੰਟਨ ਸਟੇਡੀਅਮ ਦੇ ਇਤਿਹਾਸ ਵਿੱਚ ਇੰਨੀ ਵੱਡੀ ਗ੍ਰਾਂਟ ਨਹੀਂ ਮਿਲੀ, ਇਸ ਲਈ ਉਹ ਦਿਲ ਤੋਂ ਮਾਨ ਸਰਕਾਰ ਦਾ ਧੰਨਵਾਦ ਕਰਦੇ ਹਨ। ਉਹਨਾਂ ਨੇ ਅੱਗੇ ਦੱਸਿਆ ਕਿ ਖੇਡ ਵਿਭਾਗ ਨੇ ਡੀ ਸੀ ਜਲੰਧਰ ਵਿਸ਼ੇਸ਼ ਸਰੰਗਲ ਨੂੰ 23.16 ਲੱਖ ਰੁਪਏ ਭੇਜ ਦਿੱਤੇ ਹਨ ਅਤੇ ਡੀ ਸੀ ਨੇ ਇਹ ਰਕਮ ਪੀ ਡਬਲਯੂ ਡੀ ਵਿਭਾਗ ਨੂੰ ਟੈਂਡਰ ਜਾਰੀ ਕਰਕੇ ਕੰਮ ਨੂੰ ਤੁਰੰਤ ਸ਼ੁਰੂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਉਹਨਾਂ ਨੇ ਦੱਸਿਆ ਕਿ ਇਸ ਰਕਮ ਨਾਲ ਸਟੇਡੀਅਮ ਦੇ ਵੱਖ-ਵੱਖ ਕੰਮਾਂ ਨੂੰ ਪੂਰਾ ਕੀਤਾ ਜਾਵੇਗਾ ਜਿਨ੍ਹਾਂ ਵਿੱਚ ਨਵਾਂ ਸਿੰਥੈਟਿਕ ਕੋਰਟ ਬਣਾਉਣਾ, ਹੋਸਟਲ ਬਲਾਕ ਦਾ ਆਧੁਨਿਕੀਕਰਨ ਕਰਨਾ ਅਤੇ ਜਿਮਨੇਜਿਅਮ ਨੂੰ ਵੱਡਾ ਕਰਨਾ ਸ਼ਾਮਿਲ ਹੈ। ਮੌਜੂਦਾ ਸਮੇਂ ਵਿੱਚ ਰਾਏਜਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿੱਚ ਪੰਜ ਸਿੰਥੈਟਿਕ ਕੋਰਟ ਲੱਗੇ ਹਨ ਅਤੇ ਵੱਖ-ਵੱਖ ਸ਼ਿਫਟਾਂ ਵਿਚ ਸੈਕੜੇ ਖਿਡਾਰੀ ਇਥੇ ਅਭਿਆਸ ਕਰਦੇ ਹਨ। ਇਸਦੇ ਬਾਵਜੂਦ ਕੋਰਟ ਘੱਟ ਹੋਣ ਦੀ ਵਜ੍ਹਾ ਨਾਲ ਐਸੋਸੀਏਸ਼ਨ ਕਈ ਖਿਡਾਰੀਆਂ ਨੂੰ ਦਾਖਲਾ ਨਹੀਂ ਦੇ ਪਾ ਰਹੀ ਸੀ ਜੋਕਿ ਇਥੇ ਅਭਿਆਸ ਕਰਨਾ ਚਾਹੁੰਦੇ ਹਨ। ਇਸ ਲਈ ਇੱਕ ਹੋਰ ਨਵਾਂ ਸਿੰਥੈਟਿਕ ਕੋਰਟ ਦੇ ਬਣ ਜਾਣ ਨਾਲ ਜ਼ਿਆਦਾ ਖਿਡਾਰੀ ਸਟੇਡੀਅਮ ਵਿਚ ਅਭਿਆਸ ਕਰ ਸਕਣਗੇ। ਛੇਵੇਂ ਸਿੰਥੈਟਿਕ ਕੋਰਟ ਨਾਲ ਇਥੇ ਰਾਸ਼ਟਰੀ ਪੱਧਰ ਦੇ ਟੂਰਨਾਮੈਂਟ ਕਰਵਾਉਣ ਦਾ ਵੀ ਰਸਤਾ ਸਾਫ ਹੋ ਜਾਵੇਗਾ। ਰਿਤਿਨ ਖੰਨਾ ਨੇ ਦੱਸਿਆ ਕਿ ਹੁਣ ਜਿਮਨੇਜੀਅਮ ਦਾ ਆਕਾਰ ਵੱਡਾ ਕਰਕੇ ਇਸਨੂੰ ਆਧੁਨਿਕ ਮਸ਼ੀਨਾਂ ਨਾਲ ਲੈਸ ਕੀਤਾ ਜਾਵੇਗਾ। ਸਟੇਡੀਅਮ ਦੇ ਹੋਸਟਲ ਬਲਾਕ ਦਾ ਵੀ ਨਵੀਨੀਕਰਨ ਹੋਵੇਗਾ ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਦੇ ਖਿਡਾਰੀ ਜਲੰਧਰ ਆ ਕੇ ਲੋੜੀਂਦੀ ਸਿੱਖਿਆ ਹਾਸਿਲ ਕਰ ਸਕਣਗੇ।

ਨਾਭਾ ਕਚਹਿਰੀਆਂ 'ਚ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਕੁਮਾਰੀ ਅਨੁਰਾਧਾ, ਐਸ ਡੀ ਜੇ ਐਮ, ਡਾ. ਹਿਮਾਂਸ਼ੂ ਸ਼ਰਮਾ ਆਯੂਰਵੈਦਿਕ ਮੈਡੀਕਲ ਅਫਸਰ, ਗੌਰਮਿੰਟ ਆਯੂਰਵੈਦਿਕ ਸਵਸਥ ਕੇਂਦਰ ਨਾਭਾ, ਕਚਹਿਰੀਆਂ ਦੇ ਅਧਿਰੀਆਂ ਅਤੇ ਐਸ ਡੀ ਐਮ ਦਫ਼ਤਰ ਦੇ ਸਟਾਫ਼ ਮੈਂਬਰਾਂ ਨਾਲ।

ਚੋਰ ਤਾਲੇ ਤੋੜ ਕੇ ਲੱਖਾਂ ਰੁਪਏ ਦੀ ਨਕਦੀ ਤੇ ਗਹਿਣੇ ਲੈ ਗਏ

ਰੋਪੜ (ਬਿੰਦਰਾ)- ਸਥਾਨਕ ਸਨਸਿੱਟੀ 2 ਮੁਹੱਲੇ ਵਿਚ ਇਕ ਘਰ ਵਿਚੋਂ ਚੋਰ ਤਾਲੇ ਤੋੜ ਕੇ ਲੱਖਾਂ ਰੁਪਏ ਦੀ ਨਕਦੀ ਅਤੇ ਗਹਿਣੇ ਲੈ ਗਏ। ਘਰ ਦੇ ਮਾਲਕ ਛੁੱਟੀਆਂ ਮਨਾਉਣ ਲਈ ਧਰਮਸ਼ਾਲਾ ਗਏ ਹੋਏ ਸਨ। ਚੋਰੀ ਦੀ ਘਟਨਾ ਸੀ ਸੀ ਸੀ ਟੀਵੀ ਕੈਮਰਿਆਂ ਵਿਚ ਕੈਦ ਹੋ ਗਈ। ਘਰ ਦੇ ਮਾਲਕ ਅਨੁਸਾਰ ਚੋਰੀ ਦਾ ਪਤਾ ਉਸ ਸਮੇਂ ਲਗਿਆ ਜਦ ਘਰ ਵਿੱਚ ਵਾਈਫਾਈ ਨਾਲ ਅਟੈਚ ਕੈਮਰੇ ਬੰਦ ਹੋ ਗਏ। ਘਰ ਦੇ ਮਾਲਕ ਹਰਜੀਤ ਸਿੰਘ ਦਾ ਕਹਿਣਾ ਹੈ ਕਿ ਜਦੋਂ ਉਸ ਦੇ ਮੋਬਾਈਲ ਫੋਨ ਦਾ ਸੰਪਰਕ ਸੀ ਸੀ ਟੀਵੀ ਨਾਲ ਟੁੱਟ ਗਿਆ ਤਾਂ ਉਸ ਨੇ ਆਪਣੇ ਦੋਸਤਾਂ ਨੂੰ ਇਸ ਬਾਰੇ ਦੱਸਿਆ ਅਤੇ ਉਹ ਉਸ ਦੇ ਘਰ ਗਏ। ਉਥੇ ਮਕਾਨ ਦੇ ਤਾਲੇ ਟੁਟੇ ਹੋਏ ਸਨ ਅਤੇ ਸਾਰਾ ਸਾਮਾਨ ਖਿੰਡਿਆ ਪਿਆ ਸੀ। ਉਹ ਉਸੇ ਸਮੇਂ ਵਾਪਸ ਆ ਗਿਆ। ਉਸ ਅਨੁਸਾਰ ਚੋਰ ਲੱਗਭਗ ਇਕ ਘੰਟਾ ਘਰ ਅੰਦਰ ਰਹੇ। ਉਨ੍ਹਾਂ ਨੇ ਅਲਮਾਰੀ ਖੋਲੀ ਅਤੇ ਸਾਰੀ ਫਿਰੋਲਾ-ਫਿਲਾਰੀ ਕੀਤੀ। ਅਲਮਾਰੀ ਵਿਚ ਪਿਆ ਸੋਨੇ ਦਾ ਸੈੱਟ, 2 ਤੋਲੇ ਦਾ ਲਾਕਟ ਵਾਲੀ ਚੈਨ, ਚਾਂਦੀ ਦੀਆਂ 4 ਪਾਇਲਾਂ ਅਤੇ ਤਿੰਨ ਘੜੀਆਂ ਚੋਰੀ ਕਰ ਕੇ ਲੈ ਗਏ। ਇਸ ਤੋਂ ਇਲਾਵਾ ਬੱਚਿਆਂ ਦੀ ਗੋਲਕ ਜਿਸ ਵਿੱਚ 18/20 ਹਜ਼ਾਰ ਰੁਪਏ ਸੀ ਅਤੇ ਪੂਜਾ ਘਰ ਵਿਚੋਂ 14 ਹਜ਼ਾਰ ਰੁਪਏ ਚੁਰਾ ਕੇ ਲੈ ਗਏ। ਪੁਲਸ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਗਵਾਂਢੀਆਂ ਦੇ ਕੈਮਰੇ 'ਤੇ ਚੋਰਾਂ ਦੇ ਚਿਹਰੇ ਦਿਖਦੇ ਹਨ।

ਮਨੁੱਖ ਨੂੰ ਪਰਮਾਤਮਾ ਪ੍ਰਤੀ ਸੰਪੂਰਨ ਸਮਰਪਣ ਦੀ ਭਾਵਨਾ ਰੱਖਣੀ ਚਾਹੀਦੀ : ਬਾਬਾ ਸ਼ੇਰ ਸਿੰਘ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)

ਆਤਮਾ ਨੂੰ ਪਰਮਾਤਮਾ ਵਿਚ ਲੀਨ ਕਰਨ ਲਈ ਜਿੰਨੇ ਭਾਵੇਂ ਯਤਨ ਕਰ ਲਈਏ ਪਰ ਜਦੋਂ ਤੱਕ ਕਿਸੇ ਪੂਰਨ ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਪੂਰੀ ਵਿਧੀਪੂਰਵਕ ਨਾਮ ਸਿਮਰਨ ਕਰਨ ਦੀ ਯੁਕਤੀ ਨਹੀਂ ਸਮਝਦੇ ਉਦੋਂ ਤੱਕ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪਰਮਾਤਮਾ ਨੂੰ ਪਾਉਣ ਲਈ ਹਰ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਸੰਪੂਰਨ ਸਮਰਪਣ ਦੀ ਭਾਵਨਾਂ ਨਾਲ ਆਪਣੇ ਆਪ ਨੂੰ ਪ੍ਰਭੂ ਦੇ ਹਵਾਲੇ ਕਰ ਦੇਵੇ ਤਾਂ ਜੋ ਸਾਡੀ ਆਤਮਾ ਪਰਮਾਤਮਾ ਵਿਚ ਲੀਨ ਹੋ ਕੇ ਇਸ 84 ਦੇ ਗੇੜ ਵਿਚੋਂ ਹਮੇਸ਼ਾ ਲਈ ਛੁਟਕਾਰਾ ਪਾ ਸਕੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਵਰ ਪੀਰ ਸੱਚੀ ਦਰਗਾਹ ਅਹਿਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ ਵਿੱਚ ਹਾਜਰ ਸੰਗਤ ਨੂੰ ਪ੍ਰਭੂ ਚਰਨਾਂ ਦੇ ਨਾਲ ਜੋੜਦੇ ਹੋਏ ਦਰਗਾਹ ਦੇ ਗੱਦੀ ਨਸ਼ੀਨ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਇਕ ਬੱਚੇ ਦੇ ਰੋਣ 'ਤੇ ਮਾਂ ਨੂੰ ਪਤਾ ਚੱਲ ਜਾਂਦਾ ਹੈ ਕਿ ਇਸ ਨੂੰ ਕੀ ਚਾਹੀਦਾ ਹੈ ਉਸੇ ਤਰ੍ਹਾਂ ਪਰਮਾਤਮਾ ਨੂੰ ਵੀ ਇਹ ਪਤਾ ਹੁੰਦਾ ਹੈ ਕਿ ਮੇਰਾ ਨਾਮ ਸਿਮਰਨ ਕਰਨ ਵਾਲੇ ਨੂੰ ਕੀ ਦੇਣਾ ਠੀਕ ਹੈ ਤੇ ਕਈ ਨਹੀਂ, ਇਸ ਲਈ ਪ੍ਰਮਾਤਮਾ ਦਾ ਨਾਮ ਸਿਮਰਨ ਕਰਨ ਸਮੇਂ ਕਿਸੇ ਵੀ ਪ੍ਰਕਾਰ ਦੀਆਂ ਖੁਵਾਇਸਾਂ ਨਹੀਂ ਰੱਖਣੀ ਚਾਹੀਦੀਆਂ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰ ਹਸਨ, ਦੇਵੀਕਾ, ਰਾਜੇਸ ਜਸਰਾ, ਅਜੀਤ ਸਿੰਘ, ਬਲਜਿੰਦਰ ਸਿੰਘ, ਸ਼ਮਸ਼ੇਰ ਸਿੰਘ, ਬੀਬੀ ਹਰਜਿੰਦਰ ਕੌਰ ਅਤੇ ਹੋਰ ਸ਼ਰਧਾਲੂਆਂ ਨੇ ਦਰਬਾਰ ਵਿੱਚ ਹਾਜਰੀ ਲਗਵਾਕੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਮੋਹਿਤ ਦੁੱਗਾ ਨੇ 82.5 ਕਿਲੋ ਭਾਰ 'ਚ ਜਿੱਤਿਆ ਸੋਨੇ ਦਾ ਤਮਗਾ

ਜਲੰਧਰ(ਇਕਬਾਲ ਸਿੰਘ ਉਭੀ)-ਸਥਾਨਕ ਪੁੱਡਾ ਵਿਭਾਗ ਵਿਚ ਬਤੌਰ ਜੂਨੀਅਰ ਇੰਜੀਨੀਅਰ ਅਹੁਦੇ ਤੇ ਸੇਵਾ ਨਿਭਾ ਰਹੇ ਇੰਜੀਨੀਅਰ ਮੋਹਿਤ ਦੁੱਗਾ ਨੇ ਇੰਟਰਨੈਸ਼ਨਲ ਹੈਲਥ ਫਿੱਟਨੈੱਸ ਫੈਸਟੀਵਲ ਵੱਲੋਂ ਕਰਵਾਈ ਗਈ ਸ਼ੇਰੂ ਕਲਾਸਿਕ ਏਸ਼ੀਆ ਦੀ ਸਭ ਤੋਂ ਵੱਡੀ ਹੈਲਥ ਸਪੋਰਟਸ ਅਤੇ ਫਿਟਨੈੱਸ ਐਕਸਪੋ ਇੰਟਰਨੈਸ਼ਨਲ ਪਾਵਰ ਲਿਫਟਿੰਗ ਲੀਗ 82 ਕਿਲੋ ਵਰਗ ਵਿੱਚੋਂ ਸੋਨੇ ਦਾ ਤਗਮਾ ਜਿੱਤਿਆ ਹੈ ਤੇ 157.5 ਕਿਲੋਗ੍ਰਾਮ ਭਾਰ ਦੀ ਬੈਂਚ ਪਰੈੱਸ ਲਗਾ ਕੇ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਆਪਣੇ ਜ਼ਿਲ੍ਹੇ ਦਾ ਨਾਂਅ ਰੋਸ਼ਨ ਕੀਤਾ ਹੈ।

ਐਲ ਪੀ ਯੂ ਨੇ ਉਤਸ਼ਾਹ ਨਾਲ ਮਨਾਇਆ 9ਵਾਂ ਅੰਤਰਰਾਸ਼ਟਰੀ ਯੋਗਾ ਦਿਵਸ

ਜਲੰਧਰ (ਸ਼ੈਲੀ ਐਲਬਰਟ)

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਆਪਣੇ ਕੈਂਪਸ ਵਿੱਚ 9ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ। ਇਸ ਸਮਾਗਮ ਵਿੱਚ ਸੈਂਕੜੇ ਐਨ ਸੀ ਸੀ ਅਤੇ ਐਨ ਐਸ ਐਸ ਵਾਲੰਟੀਅਰਾਂ ਦੀ ਭਾਗੀਦਾਰੀ ਦੇਖੀ ਗਈ ਜਿਨ੍ਹਾਂ ਨੇ ਚੰਗੀ ਸਿਹਤ ਅਤੇ ਚੰਗੇ ਦਿਮਾਗ ਲਈ ਯੋਗਾ ਅਭਿਆਸਾਂ ਦੇ ਲਾਭਾਂ ਨੂੰ ਖੁੱਲ੍ਹ ਕੇ ਪ੍ਰਚਾਰਿਆ। ਭਾਗੀਦਾਰਾਂ ਨੇ ਉਹਨਾਂ ਦੇ ਉਪਯੋਗਾਂ ਬਾਰੇ ਵਿਸਥਾਰ ਨਾਲ ਵੱਖ-ਵੱਖ 'ਆਸਨ' ਵੀ ਕਰ ਕੇ ਵਿਖਾਏ । 2014 ਵਿੱਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ ਇਸਦੀ ਸ਼ੁਰੂਆਤ ਤੋਂ ਲੈ ਕੇ, ਅੰਤਰਰਾਸ਼ਟਰੀ ਯੋਗ ਦਿਵਸ 2015 ਤੋਂ ਹਰ ਸਾਲ 21 ਜੂਨ ਨੂੰ ਵਿਸ਼ਵ ਭਰ ਵਿੱਚ ਮਨਾਇਆ ਜਾਂਦਾ ਹੈ। ਇਸ ਸਰੀਰਕ, ਮਾਨਸਿਕ, ਅਤੇ ਅਧਿਆਤਮਿਕ ਅਭਿਆਸ ਦੀ ਸ਼ੁਰੂਆਤ ਪ੍ਰਾਚੀਨ ਭਾਰਤ ਵਿੱਚ ਹੀ ਹੋਈ ਸੀ। ਐਲਪੀਯੂ ਦੀ ਪ੍ਰੋ ਚਾਂਸਲਰ ਸ੍ਰੀਮਤੀ ਰਸ਼ਮੀ ਮਿੱਤਲ ਨੇ ਯੂਨੀਵਰਸਿਟੀ ਦੇ ਸਾਰੇ ਸਿਹਤ ਪ੍ਰਤੀ ਜਾਗਰੂਕ ਵਿਅਕਤੀਆਂ ਨੂੰ ਦਿਵਸ ਮਨਾਉਣ ਲਈ ਵਧਾਈ ਦਿੱਤੀ। ਐਲਪੀਯੂ ਵਿਖੇ "ਯੋਗਾ" ਲਈ ਸਰੋਤ ਡਾ: ਮੀਨਾਕਸ਼ੀ ਗੁਪਤਾ, ਐਮਡੀ (ਪ੍ਰਸੂਤੀ ਅਤੇ ਗਾਇਨਾਕੋਲੋਜੀ), ਅੰਤਰਰਾਸ਼ਟਰੀ ਪੱਧਰ 'ਤੇ ਪ੍ਰਮਾਣਿਤ ਯੋਗਾ ਅਧਿਆਪਕ, ਯੁਵਾ ਮਾਹਿਰ, ਅਤੇ ਮਨ ਅਤੇ ਧਿਆਨ ਟ੍ਰੇਨਰ" ਸਨ। ਡਾ: ਗੁਪਤਾ ਦਾ ਸਾਥ ਐਲਪੀਯੂ ਦੇ ਡਾ: ਸੋਰਭ ਲਖਨਪਾਲ, ਵਿਦਿਆਰਥੀ ਭਲਾਈ ਵਿਭਾਗ ਦੇ ਮੁਖੀ ਦੁਆਰਾ ਦਿੱਤਾ ਗਿਆ। ਇਸ ਸਾਲ, ਅੰਤਰਰਾਸ਼ਟਰੀ ਯੋਗਾ ਦਿਵਸ 2023 ਲਈ ਮਨਾਏ ਗਏ ਥੀਮ 'ਵਸੁਧੈਵ ਕੁਟੁੰਬਕਮ ਲਈ ਯੋਗ' ਸ